# ਇਨਕਲਾਬੀ ਸਾਂਝਾ ਰਾਹ

ਨਵੰਬਰ-2020 ✪ ਜਿਲਦ-17 ✪ ਅੰਕ-10 ✪ ਮੁੱਲ-15 ਰੁ.

## ਭਾਜਪਾ-ਆਰ.ਐਸ.ਐਸ. ਦੀ ਫਾਸ਼ੀਵਾਦੀ ਸਰਕਾਰ ਵਲੋਂ ਪੰਜਾਬ ਦੀ ਘੇਰਾਬੰਦੀ ਅਤੇ ਸੱਤਾ ਦੇ ਕੇਂਦਰੀਕਰਨ ਵਿਰੁੱਧ ਡਟੀਏ



ਇਨਕਲਾਬੀ ਸਾਡਾ ਰਾਹ
ਨਵੰਬਰ-2020

ਸੰਪਾਦਕ
ਅਜਮੇਰ ਸਿੰਘ

ਕਾਰਜਕਾਰੀ ਸੰਪਾਦਕ
ਕੁਲਵਿੰਦਰ ਸਿੰਘ ਵੜੈਚ

ਚਿੱਠੀ-ਪੱਤਰ, ਚੰਦੇ ਅਤੇ
ਸਹਾਇਤਾ ਭੇਜਣ ਲਈ ਪਤਾ
ਕੁਲਵਿੰਦਰ ਸਿੰਘ ਵੜੈਚ
ਮਕਾਨ ਨੰ. 27
ਗੁਰੂ ਤੇਗ ਬਹਾਦਰ ਨਗਰ
ਬੰਗਾ ਰੋਡ, ਨਵਾਂਸ਼ਹਿਰ
ਮੋ : 98158-43125
Acc. No. 166510100057175
Kulwinder Singh
IFSC Code : ANDB0001665
Andhra Bank, Nawanshehar

E-mail :
inqsadarahh@gmail.com

ਚੰਦਾ ਦਰ
ਇੱਕ ਅੰਕ — 15 ਰੁਪਏ
ਸਾਲਾਨਾ (ਦੇਸ) — 150 ਰੁਪਏ
ਸਾਲਾਨਾ (ਵਿਦੇਸ਼) — 1000 ਰੁਪਏ

# ਤਤਕਰਾ

### ਲੇਖ


- ਕਿਸਾਨ ਘੋਲ : ਮਹੱਤਵਪੂਰਨ ਪਹਿਲੂ ........3
- 350 ਸਾਲਾ ਜਨਮ ਦਿਹਾੜੇ ਮੌਕੇ
  ਸਿੱਖ ਲਹਿਰ 'ਚ ਬੰਦਾ ਸਿੰਘ ਬਹਾਦੁਰ ਦਾ ਸਥਾਨ ........7
- ਕੱਖਾਂ ਦੀ ਪੰਡ ਦਾ ਸਵੈਮਾਨ
  ਅੱਜ ਦਿੱਲੀ ਵਿੱਚ ਬੈਠੇ ਕੌਡੇ ਰਾਖਸ਼ ਕੁਚਲ ਰਹੇ ਨੇ ........12
- ਲੇਬਰ ਕੋਡ
  ਕਿਰਤੀਆਂ ਦੇ ਅਧਿਕਾਰਾਂ 'ਤੇ ਹਮਲਾ ........16
- ਗਲੋਬਲ ਹੰਗਰ ਇੰਡੈਕਸ ਰਿਪੋਰਟ
  ਭੁੱਖ ਨਾਲ ਘੁਲਦਾ ਭਾਰਤ ........21


### ਸ਼ਰਧਾਂਜਲੀ


- 28ਵੀਂ ਬਰਸੀ ਮੌਕੇ
  ਜਮਾਤੀ ਯੁੱਧ ਦੇ ਯੋਧਾ ਸ਼ਹੀਦ ਕਾਮਰੇਡ ਗਿਆਨ ਸਿੰਘ ਸੰਘਾ ........23



### ਵਿਸ਼ੇਸ਼ ਰਿਪੋਰਟ


- ਹਾਥਰਸ ਗੈਂਗਰੇਪ ਅਤੇ ਕਤਲ ਦੀ ਘਟਨਾ ਉੱਤੇ
  ਔਰਤ ਜੱਥੇਬੰਦੀਆਂ ਦੀ ਤਿੰਨ ਮੈਂਬਰੀ ਟੀਮ ਦੀ ਰਿਪੋਰਟ ........25


### ਸੰਘਰਸ਼/ਸਰਗਰਮੀਆਂ


ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼, ਭਾਜਪਾ ਅਤੇ ਕੇਂਦਰੀ ਸੱਤਾ ਨਿਸ਼ਾਨੇ 'ਤੇ (29) ਬਾਬਾ ਬੰਦਾ ਸਿੰਘ ਬਹਾਦਰ ਦੇ 350 ਸਾਲਾ ਜਨਮ ਦਿਹਾੜੇ ਮੌਕੇ ਕਿਸਾਨ ਘੋਲ ਨੂੰ ਤੇਜ ਕਰਨ ਦਾ ਅਹਿਦ (31) ਔਰਤਾਂ ਨਾਲ ਬਲਾਤਕਾਰ ਤੇ ਹਿੰਸਾ ਖਿਲਾਫ਼ ਇਸਤਰੀ ਜਾਗਰਿਤੀ ਮੰਚ ਵੱਲੋਂ ਪ੍ਰਦਰਸ਼ਨ (32) ਨੌਜਵਾਨ ਭਾਰਤ ਸਭਾ ਅਤੇ ਪੰਜਾਬ ਯੂਨੀਅਨ ਵੱਲੋਂ ਭਾਜਪਾ ਦੀ ਮਾਂ ਜਥੇਬੰਦੀ ਆਰ.ਐਸ.ਐਸ. ਦੇ ਦਫ਼ਤਰ ਦਾ ਘਿਰਾਓ (33) ਦਲਿਤਾਂ ਉੱਤੇ ਹਮਲੇ ਵਿਰੁੱਧ ਪੇਂਡੂ ਮਜ਼ਦੂਰ ਯੂਨੀਅਨ ਵਲੋਂ ਥਾਣੇ ਦਾ ਘੇਰਾਓ (34)









ਇਨਕਲਾਬੀ ਜਮਹੂਰੀ ਲਹਿਰ ਦੇ ਕਾਰਕੁੰਨਾਂ ਅਤੇ ਵਿਦਵਾਨਾਂ ਲਈ ਪੜ੍ਹਨਯੋਗ, ਉੱਘੇ ਵਿਦਵਾਨ ਡਾ. ਅਮਿਤਾਭ ਚੱਕਰਵਰਤੀ ਦੀ ਪੰਜਾਬੀ ਵਿੱਚ ਅਨੁਵਾਦਿਤ ਕਿਤਾਬ **ਭਾਰਤ ਦਾ ਜ਼ਰੱਈ ਖੇਤਰ** ਅਤੇ ਫ਼ਲਸਫ਼ੇ ਬਾਰੇ ਕਿਤਾਬ **ਅਫ਼ਲਾਤੂਨ ਤੋਂ ਲੈਨਿਨ ਤੱਕ** ਚਿੰਤਨ ਪ੍ਰਕਾਸ਼ਨ ਵੱਲੋਂ ਛਾਪੀਆਂ ਗਈਆਂ ਹਨ।

ਚਿੰਤਨ ਪ੍ਰਕਾਸ਼ਨ, ਲੁਧਿਆਣਾ
ਸੰਪਰਕ : 99150-90264

# ਕਿਸਾਨ ਘੋਲ : ਮਹੱਤਵਪੂਰਨ ਪਹਿਲੂ

*ਸਰਦਾਰਾ ਸਿੰਘ ਮਾਹਿਲ*

ਪਿਛਲੇ ਦੋ ਮਹੀਨਿਆਂ ਤੋਂ ਕਿਸਾਨਾਂ ਦਾ ਸੰਘਰਸ਼ ਚੱਲ ਰਿਹਾ ਹੈ। ਇਸ ਸੰਘਰਸ਼ ਦੌਰਾਨ ਜੋਨਲ ਰੈਲੀਆਂ, ਪਟਿਆਲਾ ਤੇ ਬਾਦਲ ਵਿੱਚ ਮੋਰਚੇ ਅਤੇ 25 ਸਤੰਬਰ ਨੂੰ ਲਾਮਿਸਾਲ ਪੰਜਾਬ ਬੰਦ ਹੋਇਆ। ਸੱਦਾ ਭਾਵੇਂ ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਵੱਲੋਂ ਦਿੱਤਾ ਗਿਆ ਸੀ, ਜਿਸਨੂੰ 12 ਜੱਥੇਬੰਦੀਆਂ ਦੇ ਥੜੇ ਨੇ ਅਤੇ ਉਗਰਾਹਾਂ ਨੇ ਵੀ ਸਮਰਥਨ ਦਿੱਤਾ, ਪਰ ਸਾਰੇ ਪੰਜਾਬ ਨੇ ਇੱਕਮੁੱਠ ਅਤੇ ਇੱਕਸੁਰ ਹੋ ਕੇ ਹੁੰਗਾਰਾ ਦਿੱਤਾ। ਇਸਦੇ ਨਾਲ ਹੀ 30 ਕਿਸਾਨ ਜੱਥੇਬੰਦੀਆਂ ਦਾ ਪਲੇਟਫਾਰਮ ਹੋਂਦ ਵਿੱਚ ਆ ਗਿਆ ਪਰ ਉਗਰਾਹਾਂ ਧੜਾ ਅਤੇ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ ਇਸਤੋਂ ਬਾਹਰ ਰਹੇ। ਇਹ ਸੰਘਰਸ਼ ਰੇਲ ਜਾਮ, ਭਾਜਪਾ ਆਗੂਆਂ ਦੇ ਘਰਾਂ ਅਤੇ ਦਫ਼ਤਰਾਂ ਦੇ ਘਿਰਾਓ, ਅਡਾਨੀਆਂ, ਅੰਬਾਨੀਆਂ ਦੇ ਵਪਾਰਕ ਅਦਾਰਿਆਂ ਦੇ ਘਿਰਾਓ ਅਤੇ ਟੌਲ ਪਲਾਜਿਆਂ ਨੂੰ ਬੰਦ ਕਰਨ ਦੇ ਰੂਪ ਵਿੱਚ ਚੱਲਿਆ ਅਤੇ ਅਜੇ ਵੀ ਚੱਲ ਰਿਹਾ ਹੈ। ਇਹ ਸਿਰਫ ਕਿਸਾਨ ਘੋਲ ਨਹੀਂ, ਇਸਦੀਆਂ ਬਹੁਤ ਸਾਰੀਆਂ ਦਿਸ਼ਾਵਾਂ ਹਨ। ਬਹੁਤ ਸਾਰੇ ਪਹਿਲੂ ਹਨ, ਜਿਹਨਾਂ ਕਰਕੇ ਇਹ ਘੋਲ ਇਤਿਹਾਸਕ ਹੋਣ ਜਾ ਰਿਹਾ ਹੈ। ਕਿਸਾਨ ਜੱਥੇਬੰਦੀਆਂ ਦੇ ਆਗੂਆਂ/ਕਾਰਕੁੰਨਾਂ ਨੂੰ ਇਸ ਘੋਲ ਦੇ ਸਾਰੇ ਆਯਾਮ ਸਮਝਣੇ ਚਾਹੀਦੇ ਹਨ। ਇਸ ਨੂੰ ਸਮਰਥਨ ਮੁੱਲ ਦੀ ਬਹਾਲੀ ਲਈ ਕਾਨੂੰਨ ਰੱਦ ਕਰਵਾਉਣ ਦਾ ਕਿਸਾਨ ਘੋਲ ਸਮਝਣਾ, ਕਈ ਕੁਤਾਹੀਆਂ ਅਤੇ ਗਲਤ ਨੀਤੀ ਪੈਂਤੜਿਆਂ ਵੱਲ ਲੈ ਜਾਵੇਗਾ।

ਸਭ ਤੋਂ ਪਹਿਲਾਂ ਤਾਂ ਉਹ ਰਾਜਨੀਤਕ ਸੰਦਰਭ ਸਮਝਣਾ ਚਾਹੀਦਾ ਹੈ। 2019 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਸੰਘ ਦੀ ਸਰਕਾਰ ਬਣਨ 'ਤੇ ਇਸਨੇ ਆਪਣਾ ਫਾਸ਼ੀ ਏਜੰਡਾ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਕਸ਼ਮੀਰ ਦਾ ਨਾ ਸਿਰਫ ਵਿਸ਼ੇਸ਼ ਦਰਜਾ ਖਤਮ ਕੀਤਾ ਬਲਕਿ ਇਸਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਇਸਦਾ ਰਾਜ ਦਾ ਦਰਜਾ ਖਤਮ ਕਰਕੇ ਕੇਂਦਰ ਸ਼ਾਸ਼ਿਤ ਪ੍ਰਦੇਸ਼ ਬਣਾ ਦਿੱਤਾ ਗਿਆ। ਸੁਪਰੀਮ ਕੋਰਟ ਦੇ ਜੱਜਾਂ ਨੂੰ ਲਾਲਚ, ਡਰਾਵਾ ਅਤੇ ਬਲੈਕਮੇਲ ਰਾਹੀਂ ਸੁਪਰੀਮ ਕੋਰਟ ਤੋਂ ਨਿਆਂ ਸ਼ਾਸਤਰ ਦੇ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਕੇ ਬਾਬਰੀ ਮਸਜਿਦ ਦੀ ਵਾਗਡੋਰ ਹਿੰਦੂ ਫਿਰਕਾਪ੍ਰਸਤ ਜੱਥੇਬੰਦੀਆਂ ਨੂੰ ਦੇ ਦਿੱਤੀ। ਆਪਣੇ ਇਕਸਾਰ ਸਿਵਿਲ ਕੋਡ ਦੇ ਪ੍ਰਾਜੈਕਟ ਨੂੰ ਪੜਾਅਵਾਰ ਲਾਗੂ ਕਰਦਿਆਂ, ਤੀਹਰੇ ਤਲਾਕ ਨੂੰ ਖਤਮ ਹੀ ਨਹੀਂ ਕੀਤਾ ਬਲਕਿ ਜ਼ੁਰਮ ਬਣਾ ਦਿੱਤਾ। ਨਾਗਰਿਕਤਾ ਕਾਨੂੰਨ ਵਿੱਚ ਸੋਧ ਕਰਕੇ ਬਾਹਰੋਂ ਆਉਣ ਵਾਲੇ ਮੁਸਲਮਾਨਾਂ ਨੂੰ ਨਾਗਰਿਕਤਾ ਤੋਂ ਵਾਂਝਿਆਂ ਹੀ ਨਹੀਂ ਕੀਤਾ ਗਿਆ ਬਲਕਿ ਧਰਮ ਦੇ ਅਧਾਰ 'ਤੇ ਨਾਗਰਿਕਤਾ ਦਾ ਪਿਛਾਖੜੀ ਨਿਯਮ ਲਾਗੂ ਕਰ ਦਿੱਤਾ ਗਿਆ। ਕੌਮੀ ਨਾਗਰਿਕਤਾ ਰਜਿਸਟਰ ਦੇ ਨਾਂ 'ਤੇ ਪੂਰੇ ਮੁਲਕ ਨੂੰ ਵੱਡੀ ਖੁੱਲੀ ਜੇਲ੍ਹ ਬਣਾਉਣ ਦਾ ਮਨਸੂਬਾ ਮਿੱਥਿਆ ਗਿਆ। ਇਸ ਫਾਸ਼ੀ ਹੱਲੇ ਵਿਰੁੱਧ ਸੰਘਰਸ਼ ਚੱਲ ਰਿਹਾ ਸੀ ਕਿ ਕਰੋਨਾ ਲਿਆਂਦਾ ਗਿਆ ਅਤੇ ਕਰੋਨਾ ਦਾ ਨਿਰਅਧਾਰ ਭੈਅ ਖੜਾ ਕਰਕੇ, ਲੋਕਾਂ ਨੂੰ ਘਰਾਂ ਵਿੱਚ ਬੰਦ ਕਰ ਦਿੱਤਾ ਗਿਆ ਤੇ ਪੂਰੇ ਮੁਲਕ ਨੂੰ ਘਰੇਲੂ ਜੇਲ੍ਹ ਬਣਾ ਦਿੱਤਾ ਗਿਆ। ਕਰੋਨਾ ਭੈਅ ਦਾ ਲਾਹਾ ਲੈ ਕੇ ਮੋਦੀ ਸਰਕਾਰ ਨੇ ਫਾਸ਼ੀਵਾਦ ਦਾ ਆਰਥਿਕ ਹਮਲਾ ਬੋਲ ਦਿੱਤਾ। ਛੋਟੀ ਅਤੇ ਦਰਮਿਆਨੀ ਕਿਸਾਨੀ ਨੂੰ ਖੇਤੀ ਦੇ ਧੰਦੇ ਵਿੱਚੋਂ ਬਾਹਰ ਕਰਨ ਲਈ ਅਤੇ ਖੇਤੀ ਸੈਕਟਰ ਨੂੰ ਕਾਰਪੋਰੇਟ ਦੇ ਹਵਾਲੇ ਕਰਨ ਲਈ ਇਹ ਤਿੰਨ ਕਾਨੂੰਨ ਲਿਆਂਦੇ ਗਏ। ਮਜ਼ਦੂਰ ਜਮਾਤ ਦੇ ਸਦੀਆਂ ਦੇ ਸੰਘਰਸ਼ ਨਾਲ ਜਿੱਤੇ ਅਧਿਕਾਰਾਂ ਦੀ ਕਾਨੂੰਨੀ ਮਾਨਤਾ ਨੂੰ ਖਤਮ ਕਰ ਦਿੱਤਾ ਗਿਆ। ਕਿਰਤ ਕਾਨੂੰਨ ਖਤਮ ਕਰਕੇ ਕਿਰਤ ਕੋਡ ਬਣਾ ਦਿੱਤੇ ਗਏ। ਬਿਜਲੀ ਬਿੱਲ ਲਿਆ ਕੇ ਇਸਨੂੰ ਕਾਰਪੋਰੇਟ ਦੇ ਹੱਥਾਂ ਦਾ ਹਥਿਆਰ ਬਣਾਉਣ ਦਾ ਯਤਨ ਕੀਤਾ ਗਿਆ। ਸਿੱਖਿਆ ਖੇਤਰ ਨੂੰ ਵਿਦੇਸ਼ੀ ਸਰਮਾਏ ਲਈ ਹੋਰ ਖੋਲਣ ਅਤੇ ਸਿੱਖਿਆ ਦੇ ਭਗਵੇਂਕਰਨ ਤੇ ਵਪਾਰੀਕਰਨ ਨੂੰ ਹੋਰ ਅੱਗੇ ਵਧਾਉਣ ਲਈ ਨਵੀਂ ਸਿੱਖਿਆ ਨੀਤੀ ਲਿਆਂਦੀ ਗਈ। ਇਹ ਫਾਸ਼ੀਵਾਦੀ ਹਮਲੇ ਦਾ ਆਰਥਿਕ ਪਹਿਲੂ ਹੈ। ਵਰਤਮਾਨ ਸੰਘਰਸ਼ ਆਪਣੇ ਤੱਤ ਵਿੱਚ ਫਾਸ਼ੀਵਾਦੀ ਹਮਲੇ ਵਿਰੁੱਧ ਸੰਘਰਸ਼ ਹੈ।

ਫਾਸ਼ੀਵਾਦ ਦੇ ਰਾਜਨੀਤਕ ਹੱਲੇ ਵਿਰੁੱਧ ਮੁੱਖ ਤੌਰ 'ਤੇ ਮੱਧਵਰਗ ਲੜ ਰਿਹਾ ਸੀ ਤੇ ਰਾਜਨੀਤਕ ਪੱਖੋਂ 'ਖੱਬੇਪੱਖੀ' ਲੜ ਰਹੇ ਹਨ। ਪਰ ਫਾਸ਼ੀਵਾਦ ਦੇ ਆਰਥਿਕ ਹੱਲੇ ਵਿਰੁੱਧ, ਘੱਟੋ-ਘੱਟ ਪੰਜਾਬ ਵਿੱਚ ਕਿਸਾਨ ਅਤੇ ਹੋਰ ਹਿੱਸੇ ਵੀ ਲੜ ਰਹੇ ਹਨ। ਰਾਜਨੀਤਕ ਤੌਰ 'ਤੇ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਬਾਕੀ ਸਾਰਾ ਸਿਆਸੀ ਤਬਕਾ ਇਸ ਘੋਲ ਦੀ ਹਮਾਇਤ 'ਚ ਅਤੇ ਮੋਦੀ ਸਰਕਾਰ ਦੇ ਵਿਰੁੱਧ ਖੜਾ ਹੈ। ਇੱਥੋਂ ਤੱਕ ਕਿ ਅਕਾਲੀ ਦਲ ਦੀ ਕੇਂਦਰੀ ਵਜ਼ਾਰਤ ਵਿੱਚ ਵਜ਼ੀਰ, ਹਰਸਿਮਰਤ ਕੌਰ ਬਾਦਲ ਨੂੰ ਵਜ਼ਾਰਤ 'ਚੋਂ ਅਸਤੀਫਾ ਦੇ ਕੇ ਆਉਣਾ ਪਿਆ ਅਤੇ ਅਕਾਲੀ ਦਲ ਨੂੰ 'ਨਹੁੰ ਮਾਸ ਦੇ ਰਿਸ਼ਤੇ' ਨੂੰ ਤੋੜ ਕੇ ਕੌਮੀ ਜਮਹੂਰੀ ਗੱਠਜੋੜ ਵਿੱਚੋਂ ਬਾਹਰ ਆਉਣਾ ਪਿਆ ਅਤੇ ਭਾਜਪਾ ਹਕੂਮਤ ਵਿਰੁੱਧ

ਸਟੈਂਡ ਲੈਣਾ ਪਿਆ। ਨਿਰਸੰਦੇਹ ਕਾਂਗਰਸ, ਅਕਾਲੀ, ਝਾੜੂ ਪਾਰਟੀ ਤੇ ਹੋਰ ਸਭ ਹਾਕਮ ਜਮਾਤਾਂ ਦੀਆਂ ਪਾਰਟੀਆਂ ਹਨ, ਇਹਨਾਂ ਦਾ ਕਿਰਦਾਰ ਲੋਕ-ਵਿਰੋਧੀ ਹੈ ਅਤੇ ਨੀਤੀਆਂ ਦੇ ਮਾਮਲੇ ਵਿੱਚ ਭਾਜਪਾ ਨਾਲੋਂ ਕੋਈ ਫ਼ਰਕ ਨਹੀਂ। ਇਹ ਵੀ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਇਹਨਾਂ ਦੇ ਸਭ ਪੈਂਤੜੇ ਕੁਰਸੀ ਲਈ ਹਨ ਅਤੇ ਸਭ ਦੀਆਂ ਨਜ਼ਰਾਂ 2022 'ਤੇ ਹਨ। ਪਰ ਇਸ ਸਭ ਦੇ ਬਾਵਜੂਦ ਫਾਸ਼ੀ ਸੰਘ ਦੇ ਫਾਸ਼ੀ ਹੱਲੇ ਵਿਰੁੱਧ ਇਹ ਇੱਕ ਸ਼ਾਨਦਾਰ ਪਾਲਾਬੰਦੀ ਹੈ। ਅੰਦੋਲਨ ਦੇ ਇਸ ਪਹਿਲੂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਲਈ ਧਾਰ ਸੰਘੀ ਫਾਸ਼ੀਵਾਦ ਵਿਰੁੱਧ ਸੇਧੀ ਰਹਿਣੀ ਚਾਹੀਦੀ ਹੈ। ਆਪਣੇ ਆਪ ਨੂੰ ਸ਼ੁੱਧ ਦਿਖਾਉਣ ਲਈ ਸਭ ਦਿਸ਼ਾਵਾਂ ਵਿੱਚ ਤੀਰ ਚਲਾਉਣੇ ਸੰਘੀ ਫਾਸ਼ੀਵਾਦ ਦੇ ਹਿਤ ਵਿੱਚ ਭੁਗਤੇਗਾ।

ਦੂਸਰੇ ਇਹ ਘੋਲ ਸਿਰਫ ਕਿਸਾਨਾਂ ਦਾ ਘੋਲ ਨਹੀਂ ਰਹਿਣਾ ਚਾਹੀਦਾ। ਕਿਉਂਕਿ ਇਹ ਤਿੰਨੋਂ ਬਿੱਲ ਕਿਸਾਨੀ ਦੇ ਵੱਡੇ ਹਿੱਸੇ ਨੂੰ ਤਾਂ ਤਬਾਹ ਕਰਨਗੇ ਪਰ ਇਹ ਵਸੋਂ ਦੇ ਹੋਰ ਹਿੱਸਿਆਂ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰਨਗੇ। ਪੰਜਾਬ ਕੋਈ ਸਨਅਤੀ ਸੂਬਾ ਨਹੀਂ। ਆਪਣੇ ਉੱਨਤ ਬਿੰਬ ਦੇ ਬਾਵਜੂਦ ਸਨਅਤ ਪੱਖੋਂ ਪਛੜਿਆ ਹੋਇਆ ਹੈ। ਜਿਸਦਾ ਕਾਰਨ ਸਰਹੱਦੀ ਸੂਬਾ ਹੋਣਾ ਅਤੇ ਬੰਦਰਗਾਹ ਤੋਂ ਜਿਆਦਾ ਦੂਰ ਹੋਣਾ ਹੈ। ਪਰ 80ਵਿਆਂ ਦੇ ਦਹਾਕੇ ਤੱਕ ਸਰਕਾਰੀ ਤੇ ਖਾਲਿਸਤਾਨੀ ਦਹਿਸ਼ਤਗਰਦੀ ਕਾਰਨ ਅਤੇ ਸਰਕਾਰ ਵੱਲੋਂ ਪਹਾੜੀ ਸੂਬਿਆਂ ਨੂੰ ਸਨਅਤੀ ਨੀਤੀ ਵਿੱਚ ਦਿੱਤੀਆਂ ਰਿਆਇਤਾਂ ਕਾਰਨ, ਜਿਹੜੀ ਸਨਅਤ ਸੀ, ਉਹ ਵੀ ਪਲਾਇਨ ਕਰ ਗਈ ਤੇ ਪੰਜਾਬ ਸਨਅਤੀ ਤੌਰ 'ਤੇ ਹੋਰ ਪਛੜ ਗਿਆ। ਇਸ ਕਰਕੇ ਪੰਜਾਬ ਦੀ ਆਰਥਿਕਤਾ ਖੇਤੀ 'ਤੇ ਹੋਰ ਨਿਰਭਰ ਹੋ ਗਈ। ਨਤੀਜਾ, ਜੋ ਖੇਤੀ ਨੂੰ ਪ੍ਰਭਾਵਿਤ ਕਰੇਗਾ, ਉਹ ਪੂਰੇ ਸੂਬੇ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰੇਗਾ। ਇਹਨਾਂ ਕਾਨੂੰਨਾਂ ਦੇ ਨਤੀਜੇ ਵਜੋਂ ਛੋਟੇ ਅਤੇ ਦਰਮਿਆਨੇ ਕਿਸਾਨ ਖੇਤੀ 'ਚੋਂ ਬਾਹਰ ਹੋਣਗੇ ਤਾਂ ਹਜ਼ਾਰਾਂ ਏਕੜ ਦੇ ਫਾਰਮ ਬਣਨਗੇ। ਇਹਨਾਂ ਫਾਰਮਾਂ ਵਿੱਚ ਹਰ ਕੰਮ ਮਸ਼ੀਨ ਕਰੇਗੀ। ਇਸ ਨਾਲ ਖੇਤੀ ਖੇਤਰ ਵਿੱਚ ਰੁਜ਼ਗਾਰ ਸੀਮਤ ਜਾਂ ਸਮਾਪਤ ਹੋ ਜਾਵੇਗਾ। ਕਾਰਪੋਰੇਟ ਮੰਡੀਆਂ ਵਿੱਚ ਵੀ ਸਭ ਕੰਮ ਮਸ਼ੀਨ ਕਰੇਗੀ ਤੇ ਮੰਡੀਆਂ ਵਿੱਚੋਂ ਵੀ ਰੁਜ਼ਗਾਰ ਖਤਮ ਹੋ ਜਾਵੇਗਾ। ਮਜ਼ਦੂਰ ਜਮਾਤ ਪਹਿਲਾਂ ਹੀ ਜ਼ਾਹਰਾ ਅਤੇ ਲੁਪਤ ਬੇਰੁਜ਼ਗਾਰੀ ਦਾ ਅਤੇ ਅਰਧ-ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੀ ਹੈ ਅਤੇ ਜਿਸਨੂੰ ਮਨਰੇਗਾ ਨਾਲ ਵਰਚਾਇਆ ਜਾ ਰਿਹਾ ਹੈ। ਬੇਕਾਰੀ ਦੇ ਗਹਿਰੇ ਹਨੇਰੇ ਵਿੱਚ ਡੁੱਬ ਜਾਣ ਦੀ ਸੰਭਾਵਨਾ ਹੈ। ਇਹੀ ਨਹੀਂ, ਵਸੋਂ ਦੇ ਸਭ ਤੋਂ ਗਰੀਬ ਤਬਕੇ, ਖਾਸ ਕਰਕੇ ਦਲਿਤਾਂ ਲਈ ਜਨਤਕ ਵੰਡ ਪ੍ਰਣਾਲੀ ਰਾਹੀਂ ਕੁਝ ਕੁ ਸਸਤੀਆਂ ਵਸਤਾਂ ਦੀ ਸਹੂਲਤ ਉਪਲਭਧ ਹੈ। ਪਰ ਜੇਕਰ ਸਰਕਾਰ ਖਰੀਦ ਹੀ ਨਹੀਂ ਕਰੇਗੀ ਤਾਂ ਵੰਡੇਗੀ ਕਿੱਥੋਂ ? ਇਸ ਨਾਲ ਜਨਤਕ ਵੰਡ ਪ੍ਰਣਾਲੀ ਦਾ ਭੋਗ ਪੈ ਜਾਵੇਗਾ। ਖੇਤੀ ਖੇਤਰ ਵਿੱਚ ਕਾਰਪੋਰੇਟ ਦਾ ਕਬਜਾ ਹੋ ਗਿਆ ਤਾਂ 'ਸਮਾਜ ਭਲਾਈ' ਲਈ ਕੋਈ ਥਾਂ ਨਹੀਂ ਕਿਉਂਕਿ ਕਾਰਪੋਰੇਟ ਨੂੰ ਵੱਧ ਤੋਂ ਵੱਧ ਮੁਨਾਫੇ ਤੋਂ ਬਿਨਾਂ ਹੋਰ ਕਿਸੇ ਚੀਜ਼ ਨਾਲ ਕੋਈ ਸਰੋਕਾਰ ਨਹੀਂ। ਕਿਸਾਨਾਂ-ਮਜ਼ਦੂਰਾਂ ਦੇ ਕਿੱਤਿਉਂ ਵਾਂਝੇ ਹੋਣ ਨਾਲ ਲੋਕਾਂ ਦੀ ਖਰੀਦ-ਸਮਰੱਥਾ ਨੂੰ ਖੋਰਾ ਲੱਗੇਗਾ ਜੋ ਵਪਾਰ ਅਤੇ ਸੇਵਾਵਾਂ ਨੂੰ ਵੀ ਬੁਰੇ ਰੁਖ਼ ਪ੍ਰਭਾਵਿਤ ਕਰੇਗਾ। ਪੰਜਾਬ ਦੀ ਵਸੋਂ ਦਾ ਕੋਈ ਵੀ ਹਿਸਾ ਇਸਤੋਂ ਅਛੂਤਾ ਨਹੀਂ ਰਹੇਗਾ। ਕਿਸਾਨ ਸੰਘਰਸ਼ ਦੀ ਇਹ ਅਣਸਰਦੀ ਲੋੜ ਹੈ ਕਿ ਵਸੋਂ ਦੇ ਹੋਰ ਹਿੱਸਿਆਂ ਨੂੰ ਵੀ ਨਾਲ ਜੋੜਿਆ ਜਾਵੇ।

ਭਾਵੇਂ ਪਹਿਲਾਂ ਵੀ ਭਾਰਤ ਦਾ ਸੰਵਿਧਾਨ ਅਤੇ ਰਾਜਨੀਤਕ ਪ੍ਰਬੰਧ ਆਪਣੇ ਮੂਲ ਵਿੱਚ ਏਕਾਤਮਕ ਹੀ ਹੈ ਕਿਉਂਕਿ ਸਮਵਰਤੀ ਸੂਚੀ ਵਿੱਚ ਕੇਂਦਰ ਨੂੰ ਅਧਿਕਾਰ ਹੈ ਕਿ ਸਮਵਰਤੀ ਸੂਚੀ ਦੇ ਕਿਸੇ ਵਿਸ਼ੇ ਵਿੱਚ ਰਾਜ ਅਤੇ ਕੇਂਦਰ ਵਿੱਚ ਵਿਰੋਧ ਹੋਣ ਦੀ ਸਥਿਤੀ ਵਿੱਚ ਉਥੇ ਕੇਂਦਰ ਦੀ ਪੁੱਗੇ। ਪਾਰਲੀਮੈਂਟ ਵਿੱਚ ਦੋ ਤਿਹਾਈ ਬਹੁਮੱਤ ਨਾਲ ਕਿਸੇ ਵੀ ਵਿਸ਼ੇ ਦੀ ਸੂਚੀ ਤਬਦੀਲ ਕਰ ਸਕਦੀ ਹੈ। ਪਰ ਤਾਂ ਵੀ ਇਸ ਵਿੱਚ ਸੰਘਾਤਮਕਤਾ ਦਾ ਰੂਪ ਅਤੇ ਕੁੱਝ ਤੱਤ ਮੌਜੂਦ ਹਨ। ਕੇਂਦਰ ਸਰਕਾਰ ਲਗਾਤਾਰ ਇਹਨਾਂ ਸੰਘਾਤਮਕ ਤੱਤਾਂ ਨੂੰ ਖਤਮ ਕਰ ਰਹੀ ਹੈ। ਉਦਾਹਰਨ ਵਜੋਂ ਅਮਨ-ਕਾਨੂੰਨ ਰਾਜਾਂ ਦਾ ਵਿਸ਼ਾ ਹੈ ਪਰ ਕਾਂਗਰਸ ਦੀ ਸਰਕਾਰ ਨੇ ਕੌਮੀ ਜਾਂਚ ਏਜੰਸੀ ਬਣਾ ਦਿੱਤੀ ਜੋ ਕਿਸੇ ਸੂਬੇ ਵਿੱਚ ਕਿਸੇ ਵੀ ਵਿਅਕਤੀ ਦੇ ਘਰ ਛਾਪਾ ਮਾਰ ਸਕਦੀ ਹੈ, ਉਸਦੀ ਤਲਾਸ਼ੀ ਲੈ ਸਕਦੀ ਹੈ, ਉਸਤੋਂ ਪੁੱਛਗਿੱਛ ਕਰ ਸਕਦੀ ਹੈ ਅਤੇ ਉਸਨੂੰ ਗ੍ਰਿਫਤਾਰ ਕਰ ਸਕਦੀ ਹੈ। ਮੋਦੀ ਦੇ ਸੱਤਾ ਵਿੱਚ ਆਉਣ, ਖਾਸ ਕਰਕੇ ਦੂਸਰੀ ਵਾਰ, ਸੰਘੀ ਫਾਸ਼ੀਵਾਦ ਨੇ ਸੱਤਾ ਦੇ ਕੇਂਦਰੀਕਰਨ ਅਤੇ ਸੰਘਵਾਦ ਦੇ ਖਾਤਮੇ ਦੇ ਅਮਲ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਹੈ। ਇਸਦਾ ਸਭ ਤੋਂ ਵੱਡਾ ਹਮਲਾ ਸੰਵਿਧਾਨ ਨੂੰ ਛਿੱਕੇ ਟੰਗ ਕੇ ਧਾਰਾ 370 ਨੂੰ ਖਤਮ ਕਰਨਾ ਸੀ। ਸੰਵਿਧਾਨ ਵਿੱਚ ਕਿਸੇ ਕੇਂਦਰ ਸ਼ਾਸ਼ਤ ਪ੍ਰਦੇਸ਼ ਨੂੰ ਰਾਜ ਬਣਾਉਣ ਅਤੇ ਰਾਜ ਨੂੰ ਵੰਡ ਕੇ ਉਸ ਵਿੱਚੋਂ ਦੂਸਰਾ ਰਾਜ ਬਣਾਉਣ ਦੀ ਵਿਵਸਥਾ ਹੈ ਪਰ ਕਿਸੇ ਰਾਜ ਦਾ ਰਾਜ ਦਾ ਦਰਜਾ ਖਤਮ ਕਰਕੇ ਉਸਨੂੰ ਕੇਂਦਰ ਸਾਸ਼ਤ ਪ੍ਰਦੇਸ਼ ਬਣਾਉਣ ਦੀ ਕੋਈ ਧਾਰਾ ਸੰਵਿਧਾਨ ਵਿੱਚ ਨਹੀਂ। ਪਰ ਸੰਵਿਧਾਨ ਨੂੰ ਪਾਸੇ ਸੁੱਟ

ਜੰਮੂ ਕਸ਼ਮੀਰ ਨੂੰ ਵੰਡ ਕੇ ਦੋ ਕੇਂਦਰ ਸਾਸ਼ਤ ਪ੍ਰਦੇਸ਼ ਬਣਾ ਦਿੱਤੇ ਗਏ।ਸੀ.ਬੀ.ਆਈ. ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਆਮ ਅਮਨ ਕਾਨੂੰਨ ਦੀਆਂ ਏਜੰਸੀਆਂ ਬਣਾ ਦਿੱਤਾ ਗਿਆ। ਕੌਮੀ ਜਾਂਚ ਏਜੰਸੀ ਜੋ ਕਿਹਾ ਗਿਆ ਸੀ ਕਿ ਦਹਿਸ਼ਤਗਰਦੀ ਨਾਲ ਨਜਿੱਠਣ ਲਈ ਬਣਾਈ ਗਈ ਹੈ, ਨੂੰ ਇੱਕ ਆਮ ਪੁਲੀਸ ਏਜੰਸੀ ਬਣਾ ਦਿੱਤਾ ਗਿਆ ਹੈ। ਇਸੇ ਤਰਾਂ ਖੇਤੀ ਅਤੇ ਖੇਤੀ ਮੰਡੀਕਰਨ ਰਾਜਾਂ ਦਾ ਵਿਸ਼ਾ ਹੈ ਅਤੇ ਅੱਜ ਤੱਕ ਵੀ ਰਾਜਾਂ ਦੀ ਸੂਚੀ ਵਿੱਚ ਦਰਜ ਹੈ, ਪਰ ਫਾਸ਼ੀ ਮੋਦੀ ਸਰਕਾਰ ਲਈ ਸੰਵਿਧਾਨ ਇੱਕ ਕਾਗਜ਼ ਦੇ ਟੁਕੜੇ ਤੋਂ ਵੱਧ ਕੇ ਕੋਈ ਅਰਥ ਨਹੀਂ ਰੱਖਦਾ ਤੇ ਉਸਨੇ ਇਹ ਤਿੰਨੇ ਕਾਨੂੰਨ ਬਣਾ ਦਿੱਤੇ ਹਨ। ਇਹ ਬਚੇ-ਖੁਚੇ ਸੰਘਵਾਦ ਨੂੰ ਕੁਚਲਣ ਦਾ ਯਤਨ ਹੈ। ਸੰਘਵਾਦ ਜਾਂ ਰਾਜਾਂ ਦੇ ਅਧਿਕਾਰਾਂ ਦਾ ਸੁਆਲ ਵੀ ਕਿਸਾਨ ਘੋਲ ਦਾ ਮਹੱਤਵਪੂਰਨ ਪੱਖ ਹੈ, ਜਿਸਨੂੰ ਕਿਸਾਨ ਜੱਥੇਬੰਦੀਆਂ ਨੂੰ ਅਣਗੌਲਿਆਂ ਨਹੀਂ ਕਰਨਾ ਚਾਹੀਦਾ।

ਇਸ ਸੰਘਰਸ਼ ਦੇ ਸਿੱਟੇ ਵਜੋਂ ਕੇਂਦਰ ਅਤੇ ਰਾਜਾਂ ਦੇ ਸਬੰਧਾਂ ਅਤੇ ਇਹਨਾਂ ਵਿਚਲੇ ਅੰਤਰ-ਵਿਰੋਧ ਦਾ ਮਾਮਲਾ ਪ੍ਰਮੁੱਖਤਾ ਨਾਲ ਸਾਹਮਣੇ ਆ ਗਿਆ ਹੈ। ਘੋਲ ਦੇ ਦਬਾਅ ਅਤੇ 2022 ਦੀਆਂ ਚੋਣਾਂ ਵਿੱਚ ਲਾਹਾ ਲੈਣ ਲਈ ਪੰਜਾਬ ਸਰਕਾਰ ਨੇ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਇੱਕ ਮਤਾ ਅਤੇ ਬਿੱਲ ਪਾਸ ਕੀਤੇ ਹਨ। ਭਾਵੇਂ ਬਿੱਲਾਂ ਵਿੱਚ ਸਰਕਾਰੀ ਖਰੀਦ ਦੀ ਕੋਈ ਗਾਰੰਟੀ ਨਹੀਂ ਅਤੇ ਕੇਂਦਰੀ ਬਿੱਲਾਂ ਨਾਲ ਇਹਨਾਂ ਦਾ ਬੁਨਿਆਦੀ ਵਖਰੇਵਾਂ ਨਹੀਂ ਪਰ ਵਿਧਾਨ ਸਭਾ ਵੱਲੋਂ ਕੇਂਦਰੀ ਕਾਨੂੰਨ ਰੱਦ ਕਰਨ ਦਾ ਮਤਾ ਪਾਸ ਕਰਨਾ ਮਹੱਤਵਪੂਰਨ ਹੈ। ਇਸ ਨਾਲ ਕੇਂਦਰ-ਰਾਜ ਵਿਰੋਧ ਵਧੇ ਹਨ। ਕੇਂਦਰ ਸਰਕਾਰ ਅਤੇ ਭਾਜਪਾ, ਕਿਸਾਨ ਸੰਘਰਸ਼ ਲਈ ਪੰਜਾਬ ਸਰਕਾਰ ਅਤੇ ਕਾਂਗਰਸ ਪਾਰਟੀ 'ਤੇ ਨਿਸ਼ਾਨਾ ਸਾਧ ਰਹੀ ਹੈ। ਰੇਲ ਦੇ ਸਾਰੇ ਟਰੈਕ ਖਾਲੀ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਨੇ ਮਾਲ ਗੱਡੀਆਂ ਬੰਦ ਕਰ ਦਿੱਤੀਆਂ ਹਨ, ਤਾਂ ਜੋ ਪੰਜਾਬ, ਜੰਮੂ ਕਸ਼ਮੀਰ ਅਤੇ ਹਿਮਾਚਲ ਵਿੱਚ ਵਸਤਾਂ ਦੀ ਕਮੀ ਹੋਵੇ, ਮਹਿੰਗਾਈ ਵਧੇ ਅਤੇ ਲੋਕ ਕਿਸਾਨ ਘੋਲ ਦੇ ਵਿਰੋਧ ਵਿੱਚ ਖੜੇ ਹੋਣ। ਲੋਕਾਂ ਨੂੰ ਆਪਸ ਵਿੱਚ ਲੜਾਉਣ ਵਿੱਚ ਮੁਹਾਰਤ ਹਾਸਲ ਕਰ ਚੁੱਕਿਆ ਫਾਸ਼ੀਵਾਦੀ ਸੰਘ ਤੇ ਇਸਦੀ ਸਰਕਾਰ ਇੱਥੇ ਵੀ ਲੋਕਾਂ ਨੂੰ ਆਪਸ ਵਿੱਚ ਲੜਾਉਣ ਦਾ ਯਤਨ ਕਰ ਰਹੇ ਹਨ। ਹੁਣ ਇਸਤੋਂ ਬਿਨਾਂ ਪੰਜਾਬ ਦੀ ਜੀ.ਐਸ.ਟੀ. ਦੀ ਮੋੜਵੀਂ ਰਕਮ ਕੇਂਦਰ ਸਰਕਾਰ ਨੇ ਰੋਕ ਲਈ ਹੈ ਜਦਕਿ ਬਹੁਤ ਸਾਰੇ ਰਾਜਾਂ ਨੂੰ ਇਹ ਰਕਮ ਮੋੜ ਦਿੱਤੀ ਹੈ। ਤੇ ਹੁਣ ਫਾਸ਼ੀ ਕੇਂਦਰ ਨੇ ਦਿਹਾਤੀ ਵਿਕਾਸ ਫੰਡ ਦੀ ਪੰਜਾਬ ਦੀ ਕਿਸ਼ਤ ਰੋਕ ਲਈ ਹੈ। ਬਹਾਨਾ ਇਹ ਬਣਾਇਆ ਗਿਆ ਹੈ ਕਿ ਪੰਜਾਬ ਸਰਕਾਰ ਇਸ ਫੰਡ ਦੇ ਖਰਚੇ ਦਾ ਹਿਸਾਬ ਦੇਵੇ। ਜਦਕਿ ਕਾਨੂੰਨੀ ਤੌਰ 'ਤੇ ਕੇਂਦਰ ਨੂੰ ਇਹ ਹਿਸਾਬ-ਕਿਤਾਬ ਮੰਗਣ ਦਾ ਕੋਈ ਅਧਿਕਾਰ ਨਹੀਂ ਹੈ। ਹੁਣ ਦਿੱਲੀ ਦੇ ਪ੍ਰਦੂਸ਼ਣ ਨੂੰ ਲੈਕੇ ਇੱਕ ਆਰਡੀਨੈਂਸ ਜਾਰੀ ਕੀਤਾ ਹੈ ਜਿਸ ਅਨੁਸਾਰ ਪਰਾਲੀ ਜਲਾਉਣ ਵਾਲੇ ਕਿਸਾਨ ਨੂੰ ਇੱਕ ਕਰੋੜ ਰੁਪਏ ਜੁਰਮਾਨਾ ਅਤੇ 5 ਸਾਲ ਦੀ ਕੈਦ ਹੋਵੇਗੀ। ਕਿਸਾਨ ਕਹਿ ਰਹੇ ਹਨ ਕਿ ਪਰਾਲੀ ਜਲਾਉਣਾ ਉਹਨਾਂ ਦੀ ਮਜਬੂਰੀ ਹੈ। ਸਰਕਾਰ ਪ੍ਰਤੀ ਏਕੜ ਜਾਂ ਪ੍ਰਤੀ ਕੁਇੰਟਲ ਪਰਾਲੀ ਸੰਭਾਲ ਦੇ ਪੈਸੇ ਦੇ ਦੇਵੇ ਤਾਂ ਉਹ ਪਰਾਲੀ ਨਹੀਂ ਜਲਾਉਣਗੇ। ਸੁਪਰੀਮ ਕੋਰਟ ਨੇ ਇਹ ਮੁਆਵਜਾ ਦੇਣ ਦਾ ਹੁਕਮ ਵੀ ਜਾਰੀ ਕੀਤਾ ਸੀ। ਪਰ ਸਰਕਾਰ ਨੇ ਉਸਨੂੰ ਤਾਂ ਲਾਗੂ ਕੀਤਾ ਨਹੀਂ ਤੇ ਇਹ ਨਾਦਰਸ਼ਾਹੀ ਫੁਰਮਾਨ ਜਾਰੀ ਕਰ ਦਿੱਤਾ ਹੈ। ਪੰਜਾਬ ਦੀ 85% ਕਿਸਾਨੀ ਆਪਣੀ ਸਾਰੀ ਜ਼ਮੀਨ ਵੇਚ ਵੀ ਦੇਵੇ ਤਾਂ ਸ਼ਾਇਦ ਇੱਕ ਕਰੋੜ ਜੁਰਮਾਨੇ ਦਾ ਜੁਗਾੜ ਨਾ ਕਰ ਸਕੇ। ਅਮਲ ਵਿੱਚ ਇਹ ਵੀ ਛੋਟੀ ਅਤੇ ਦਰਮਿਆਨੀ ਕਿਸਾਨੀ ਨੂੰ ਖੇਤੀ 'ਚੋਂ ਬਾਹਰ ਕਰਨ ਦੀ ਸਾਜਿਸ਼ ਹੈ, ਉਸਦੀ ਜ਼ਮੀਨ ਖੋਹਣ ਦਾ ਪ੍ਰਾਜੈਕਟ ਹੈ। ਇਹ ਵੀ ਪੰਜਾਬ ਅਤੇ ਹਰਿਆਣੇ ਦੀ ਕਿਸਾਨੀ ਵਿਰੁੱਧ ਹੀ ਸੇਧਿਤ ਹੈ, ਕਿਉਂਕਿ ਹਾਕਮਾਂ ਦੀਆਂ ਚੀਕਾਂ ਇਹੀ ਹਨ ਕਿ ਇਹਨਾਂ ਦੋ ਸੂਬਿਆਂ ਦੇ ਧੂੰਏਂ ਨਾਲ ਦਿੱਲੀ ਦਾ ਸਾਹ ਘੁੱਟਦਾ ਹੈ।

ਕੇਂਦਰ ਇੱਕ ਤੋਂ ਬਾਅਦ ਇੱਕ ਕਿਸਾਨੀ ਅਤੇ ਪੰਜਾਬ ਵਿਰੁੱਧ ਹਮਲੇ ਕਰ ਰਿਹਾ ਹੈ ਪਰ ਪੰਜਾਬ ਦੀਆਂ ਪਾਰਲੀਮਾਨੀ ਪਾਰਟੀਆਂ ਵਿਧਾਨ ਸਭਾ ਇਜਲਾਸ ਤੋਂ ਅਗਲੇ ਦਿਨ ਤੋਂ ਮੋਦੀ 'ਤੇ ਨਿਸ਼ਾਨਾ ਸਾਧਣ ਦੀ ਬਜਾਇ ਪੰਜਾਬ ਸਰਕਾਰ 'ਤੇ ਨਿਸ਼ਾਨੇ ਸਾਧ ਰਹੀਆਂ ਹਨ। ਅਜਿਹਾ ਇਸ ਲਈ ਹੈ ਕਿ ਇਹਨਾਂ ਨੂੰ ਪੰਜਾਬ ਨਾਲ ਕੋਈ ਸਰੋਕਾਰ ਨਹੀਂ, ਸਿਰਫ ਸੱਤਾ ਨਾਲ ਹੈ। ਤੇ ਇਨਾਂ ਨੂੰ ਪਤਾ ਹੈ ਕਿ 2022 'ਚ ਕਾਂਗਰਸ ਇਹਨਾਂ ਦੀ ਮੁੱਖ ਵਿਰੋਧੀ ਹੈ, ਭਾਜਪਾ ਨਹੀਂ। ਅੱਜ ਜਦੋਂ ਪੰਜਾਬ ਬਨਾਮ ਕੇਂਦਰ ਵਾਲੀ ਸਥਿਤੀ ਬਣ ਰਹੀ ਹੈ ਤਾਂ ਸਾਰੇ ਪੰਜਾਬ ਨੂੰ ਇੱਕਮੁੱਠ ਹੋ ਕੇ ਖੜਨਾ ਚਾਹੀਦਾ ਹੈ। ਪੰਜਾਬ ਲਈ ਸੰਘਰਸ਼ ਦਾ ਝੰਡਾ ਜੱਥੇਬੰਦੀਆਂ ਨੂੰ ਵੀ, ਖਾਸ ਕਰਕੇ ਕਿਸਾਨ ਜੱਥੇਬੰਦੀਆਂ ਨੂੰ ਚੁੱਕਣਾ ਚਾਹੀਦਾ ਹੈ। ਇਹੀ ਨਹੀਂ, ਇਹ ਝੰਡਾ ਇਨਕਲਾਬੀ ਸ਼ਕਤੀਆਂ, ਪ੍ਰਗਤੀਸ਼ੀਲ ਬੁੱਧੀਜੀਵੀਆਂ ਅਤੇ ਸਭ ਪੰਜਾਬ ਦੇ ਦਰਦੀਆਂ ਨੂੰ ਚੁੱਕਣਾ ਚਾਹੀਦਾ ਹੈ।

ਜਦੋਂ ਅਸੀਂ ਕੇਂਦਰ ਅਤੇ ਸੰਘੀ ਫਾਸ਼ੀਵਾਦ ਵਿਰੁੱਧ

ਸੰਘਰਸ਼ ਨੂੰ ਸੇਧਿਤ ਕਰਦੇ ਹਾਂ ਤਾਂ ਕੁੱਝ ਲੋਕਾਂ ਦੇ ਇਹ ਗੱਲ ਗਲੇ ਵਿੱਚ ਨਹੀਂ ਉੱਤਰਦੀ। ਕਿਉਂਕਿ ਜਾਪਦੈ ਇਉਂ ਕਿ ਜਿਵੇਂ ਇਉਂ ਕਰਨ ਦਾ ਅਰਥ ਕਾਂਗਰਸ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨਾਲ ਖੜੇ ਹੋਣਾ ਹੈ, ਜਦਕਿ ਇਹਨਾਂ ਸਾਰੀਆਂ ਹਾਕਮ ਜਮਾਤ ਪਾਰਟੀਆਂ ਦੀਆਂ ਆਰਥਿਕ ਨੀਤੀਆਂ ਇੱਕੋ ਹਨ, ਬਲਕਿ ਜਿਹੜੀਆਂ ਨੀਤੀਆਂ ਹੁਣ ਭਾਜਪਾ ਸਰਕਾਰ ਲਾਗੂ ਕਰ ਰਹੀ ਹੈ, ਇਹਨਾਂ ਸਭ ਦੀ ਸ਼ੁਰੂਆਤ ਕਾਂਗਰਸ ਨੇ ਕੀਤੀ ਸੀ। ਇਸਨੂੰ ਸਵੀਕਾਰਨ ਦੇ ਬਾਵਜੂਦ ਅੱਜ ਦੀ ਰਾਜਨੀਤਕ ਸਥਿਤੀ ਕਿ ਇਹ ਲੋਕਾਂ ਵਿਰੁੱਧ ਫਾਸ਼ੀ ਹਮਲਾ ਸੰਘ ਦੀ ਭਾਜਪਾ ਸਰਕਾਰ ਨੇ ਵਿੱਢਿਆ ਹੋਇਆ ਹੈ। ਇਹ ਇੱਕ ਧਰਮ-ਤੰਤਰੀ ਫਾਸ਼ੀ ਰਾਜ, ਹਿੰਦੂ ਰਾਜ ਉਸਾਰਨ ਵੱਲ ਤੇਜ਼ੀ ਨਾਲ ਵਧ ਰਹੀ ਹੈ। ਫਾਸ਼ੀ ਹਮਲਾ ਇਸ ਵੇਲੇ ਭਾਜਪਾ ਵੱਲੋਂ ਆ ਰਿਹਾ ਹੈ। ਇਸ ਵਿੱਚ ਕੇਂਦਰ ਰਾਜ ਵਿਰੋਧ, ਕੇਂਦਰੀਕਰਨ ਅਤੇ ਸੰਘਾਤਮਕ ਦਰਮਿਆਨ ਵਿਰੋਧ ਅਤੇ ਹਾਕਮ-ਜਮਾਤ ਪਾਰਟੀਆਂ ਵਿਚਕਾਰਲੇ ਵਿਰੋਧ, ਇਹ ਤਿੰਨੇ ਵਿਰੋਧ ਕਾਰਜਸ਼ੀਲ ਹਨ। ਫਾਸ਼ੀ ਹਮਲੇ ਦੌਰਾਨ ਇਹਨਾਂ ਵਿਰੋਧਾਂ ਨੂੰ ਨਜ਼ਰਅੰਦਾਜ ਕਰਨ ਜਾਂ ਇਨਾਂ ਨੂੰ ਵਰਤਣੋਂ ਇਨਕਾਰ ਕਰਨਾ, ਸੰਘ ਫਾਸ਼ੀਵਾਦ ਦੇ ਹਿੱਤ ਵਿੱਚ ਭੁਗਤਣਾ ਹੈ। ਜਿਹਨਾਂ ਲੋਕਾਂ ਨੇ ਮੁੱਢੋਂ-ਸੁੱਢੋਂ ਪ੍ਰਬੰਧ ਬਦਲੇ ਹਨ, ਤਖਤੋ-ਤਾਜ ਢਾਹੇ ਹਨ ਅਤੇ ਇਨਕਲਾਬ ਕੀਤੇ ਹਨ, ਉਹਨਾਂ ਦਾ ਮੰਨਣਾ ਸੀ ਕਿ ਇਨਕਲਾਬ ਲਈ ਸਭ ਦੇ ਵਿਰੋਧਾਂ ਨੂੰ ਵਰਤਣਾ ਚਾਹੀਦਾ ਅਤੇ ਇਤਿਹਾਦੀਆਂ ਨੂੰ ਖਿੱਚਣਾ ਚਾਹੀਦਾ ਹੈ, ਉਹ ਚਾਹੇ ਜਿੰਨੇ ਮਰਜੀ ਅਸਥਾਈ, ਬੇਯਕੀਨੇ ਅਤੇ ਛੋਟੇ ਹੋਣ। ਵਿਰੋਧਾਂ ਨੂੰ ਵਰਤਣ ਦਾ ਅਰਥ ਹਰ ਸਮੇਂ ਦੋਮ ਦਰਜੇ ਦੇ ਦੁਸ਼ਮਣਾਂ ਨਾਲ ਸਾਂਝਾ ਮੋਰਚਾ ਬਣਾਉਣਾ ਨਹੀਂ ਹੁੰਦਾ। ਪਹਿਲੇ ਪੜਾਅ ਵਿੱਚ ਲੋਕਾਂ ਦਾ ਵਿਸ਼ਾਲ ਏਕਾ ਉਸਾਰਨਾ, ਚੋਟ ਨਿਸ਼ਾਨਾ ਮੁੱਖ ਦੁਸ਼ਮਣ ਵਿਰੁੱਧ ਸੇਧਣਾ ਅਤੇ ਸਭ ਦਿਸ਼ਾਵਾਂ ਵਿੱਚ ਤੀਰ ਚਲਾਉਣੋ ਗੁਰੇਜ ਕਰਨਾ। ਕਈ ਵਾਰੀ ਦੋਸਤ ਜੈ ਪ੍ਰਕਾਸ਼ ਨਰਾਇਣ ਦੀ ਲਹਿਰ ਵੇਲੇ ਦੇ ਦਾਅਪੇਚਾਂ ਦਾ ਹਵਾਲਾ ਦਿੰਦੇ ਹਨ। ਅਸਲ ਵਿੱਚ ਉਸ ਸਮੇਂ ਇਨਕਲਾਬੀ ਲਹਿਰ ਦਾ ਜਨਤਕ ਅਧਾਰ ਇੰਨਾ ਨਿਗੂਣਾ ਸੀ ਕਿ ਇਹ ਕਿਸੇ ਤਰ੍ਹਾਂ ਵੀ ਦਖਲਅੰਦਾਜੀ ਕਰਨ ਵਿੱਚ ਸਫ਼ਲ ਨਹੀਂ ਹੋ ਸਕਦੀ ਸੀ। ਪਰ ਅੱਜ ਉਹ ਸਥਿਤੀ ਨਹੀਂ, ਇਹ ਸਮਝਣਾ ਬਹੁਤ ਜ਼ਰੂਰੀ ਹੈ। ਪੰਜਾਬ ਸਰਕਾਰ ਦੇ ਕਦਮਾਂ ਦਾ ਵਿਰੋਧ ਅਤੇ ਲੋਕ-ਵਿਰੋਧੀ ਨੀਤੀਆਂ ਦਾ ਪਰਦਾਚਾਕ ਕਰਨਾ ਅਤੇ ਸਭ ਪਾਰਲੀਮਾਨੀ ਪਾਰਟੀਆਂ ਦੀ ਨੀਤੀ ਮੁੱਦਿਆਂ 'ਤੇ ਕਿਰਦਾਰ ਨੰਗਾ ਕਰਨਾ ਜ਼ਰੂਰੀ ਹੈ ਪਰ ਚੋਟ ਫਾਸ਼ੀ ਜੁੰਡਲੀ 'ਤੇ ਹੀ ਕੇਂਦਰਿਤ ਰਹਿਣੀ ਜ਼ਰੂਰੀ ਹੈ।

ਇਹ ਨਹੀਂ ਕਿ ਸਮਾਜ ਵਿੱਚੋਂ ਵਿਰੋਧ ਖਤਮ ਹੋ ਗਏ ਹਨ, ਖਾਸ ਕਰਕੇ ਜਾਤੀ ਅਧਾਰਿਤ ਦਲਿਤਾਂ ਅਤੇ ਕਿਸਾਨਾਂ (ਜੱਟਾਂ) ਦਾ ਵਿਰੋਧ, ਕਿਸਾਨਾਂ ਤੇ ਆੜ੍ਹਤੀਆਂ ਦਾ ਵਿਰੋਧ ਆਦਿ। ਪਰ ਇਹਨਾਂ ਵਿਰੋਧਾਂ ਨੂੰ ਇਸ ਸਮੇਂ ਹਵਾ ਨਹੀਂ ਦੇਣਾ ਚਾਹੀਦੀ। ਇਸ ਵਿਰੋਧ ਨੂੰ ਮੁੱਖ ਸੰਘਰਸ਼ ਦੇ ਤਹਿਤ ਰੱਖਣਾ ਚਾਹੀਦਾ ਹੈ। ਕਿਸਾਨ ਸੰਘਰਸ਼ ਨੂੰ ਕਿਸਾਨੀ ਦੀ ਰਾਖੀ, ਪੰਜਾਬ ਦੀ ਰਾਖੀ ਅਤੇ ਫਾਸ਼ੀਵਾਦ ਨੂੰ ਜੜ੍ਹੋਂ ਪੁੱਟਣ ਦਾ ਝੰਡਾ ਜ਼ਰੂਰ ਚੁੱਕਣਾ ਚਾਹੀਦਾ ਹੈ ਅਤੇ ਇਸ ਲਈ ਸਮੂਹ ਪੰਜਾਬੀਆਂ ਦਾ ਵਿਸ਼ਾਲ ਏਕਾ ਉਸਾਰਨਾ ਚਾਹੀਦਾ ਹੈ।

## ਲੌਕਡਾਊਨ/ਸਰਦਾਰਾ ਸਿੰਘ ਮਾਹਿਲ

ਇਸਤੋਂ ਪਹਿਲਾਂ ਕਿ ਚੁਫੇਰੇ ਫੈਲਿਆ ਸੰਨਾਟਾ
ਜਾ ਵੜੇ ਸਾਡੇ ਦਿਲ ਦੀਆਂ ਗਹਿਰਾਈਆਂ ਵਿੱਚ
ਤੇ ਜਕੜ ਲਵੇ ਸਾਡੇ ਸੁਪਨਿਆਂ ਦੀ ਪਰਵਾਜ਼
ਸਾਡੇ ਮੱਥਿਆਂ 'ਚ ਬਲਦੇ ਸੂਰਜ 'ਤੇ ਛਾ ਜਾਏ
ਬੁਝੇ ਬਲਬਾਂ ਤੇ ਸਹਿਕਦੀਆਂ ਮੋਮਬੱਤੀਆਂ ਦਾ ਹਨੇਰਾ
ਜ਼ਿੰਦਗੀ ਦੇ ਗੀਤਾਂ ਨੂੰ ਦੱਬ ਲਏ ਤਾਲੀਆਂ ਥਾਲੀਆਂ
ਦਾ ਬੇਸੁਰਾ ਕੰਨ ਪਾੜ੍ਹਾਵਾਂ ਸ਼ੋਰ
ਆਓ ਕੋਠੇ ਚੜ੍ਹ ਕੇ ਇਕ ਬੁਲਬੁਲੀ ਮਾਰੀਏ।

ਬੁਲਬੁਲੀ ਭੁੱਖ ਨਾਲ ਵਿਲਕਦੀਆਂ ਆਂਦਰਾਂ ਲਈ
ਜਿਉਂਦੇ ਹੋਣ ਦੇ ਅਹਿਸਾਸ ਦੇ ਨਾਮ
ਜੂਝਦੀਆਂ ਪਵਿੱਤਰ ਰੂਹਾਂ ਦੇ ਲਈ
ਸੜਕਾਂ 'ਤੇ ਲੰਬੇ ਕੂਚ ਤੇ ਨਿਕਲ ਤੁਰੇ
ਲੰਮੇ ਲਾਰੇ ਦੇ ਨਾਮ
ਘਰਾਂ ਅੱਗੇ ਖੜਕਦੇ ਖਾਲੀ ਪੀਪੇ ਅਤੇ ਢਿੱਡਾਂ ਦੇ ਨਾਂ
ਬਹੁਤ ਜਰੂਰੀ ਆ ਬੁਲਬੁਲੀ।

ਇਹ ਜੋ ਖੁਸ਼ ਨੇ ਕੋਠੇ ਚੜ੍ਹ ਪਹਾੜ ਦੇਖਦੇ
ਜੋ ਖੁਸ਼ ਨੇ ਕਿ ਸਾਫ ਹੈ ਸਤਲੁਜ ਦਾ ਪਾਣੀ
ਜਿਨ੍ਹਾਂ ਨੂੰ ਆਪਣੇ ਫਿਕਰ 'ਚ ਸੁੱਕਦਾ ਜਾਪਦੈ ਰਾਜਾ
ਜੋ ਤਾਲੀਆਂ ਥਾਲੀਆਂ 'ਚੋਂ ਉਡੀਕਦੇ ਨੇ ਰਹਿਮਤ
ਜਿਨਾਂ ਨੂੰ ਜਾਪਦੈ ਉਨਾਂ ਦੀ ਰਖਵਾਲੀ ਆ ਦੈਵੀ ਸ਼ਕਤੀ
ਸੁਰੱਖਿਅਤ ਨੇ ਮੰਦਿਰ ਮਸਜਿਦ ਗੁਰਦਵਾਰੇ
ਉਨਾਂ ਜਾਗਦੇ ਸੁੱਤਿਆਂ ਨੂੰ ਜਗਾਉਣ ਲਈ
ਕੋਠੇ ਚੜ੍ਹ ਉੱਚੀ ਸਾਰੀ ਮਾਰੀਏ ਇਕ ਬੁਲਬੁਲੀ।

*350 ਸਾਲਾ ਜਨਮ ਦਿਹਾੜੇ ਮੌਕੇ*

# ਸਿੱਖ ਲਹਿਰ 'ਚ ਬੰਦਾ ਸਿੰਘ ਬਹਾਦੁਰ ਦਾ ਸਥਾਨ

ਬੰਦਾ ਸਿੰਘ ਬਹਾਦੁਰ ਇਤਿਹਾਸ ਦਾ ਉਹ ਮਹਾਂਨਾਇਕ ਅਤੇ ਸਿੱਖ ਲਹਿਰ ਦੀ ਉਹ ਟੀਸੀ ਹੈ ਜਿਸ ਨਾਲ ਬਹੁਤ ਨਾਇਨਸਾਫੀ ਹੋਈ ਹੈ। ਵਿਰੋਧੀਆਂ ਵੱਲੋਂ ਨਾਇਨਸਾਫੀ ਹੋਣਾ ਉਨਾਂ ਦੁਖਦਾਈ ਨਹੀਂ ਹੁੰਦਾ ਜਿੰਨਾ ਆਪਣਿਆਂ ਵੱਲੋਂ ਕਰਨ ਨਾਲ ਹੁੰਦਾ। ਆਮ ਲੋਕਾਂ ਵਿੱਚ ਬੰਦਾ ਸਿੰਘ ਦਾ ਅਕਸ ਬਣਾਇਆ ਗਿਆ ਹੈ ਕਿ ਉਹ ਇੱਕ ਘੁਮੱਕੜ ਬੈਰਾਗੀ ਸਾਧੂ ਸੀ ਜੋ ਸੰਸਾਰ ਨੂੰ ਤਿਆਗ ਕੇ ਤੰਤਰ-ਮੰਤਰ ਸਿੱਧ ਕਰਨ ਵਿੱਚ ਲੱਗਾ ਹੋਇਆ ਸੀ। ਦੱਖਣ ਵਿੱਚ ਨਾਂਦੇੜ ਵਿੱਚ ਗੁਰੂ ਗੋਬਿੰਦ ਸਿੰਘ ਨੇ ਉਸਨੂੰ ਅਜਿਹੀ ਦੈਵੀ ਕਰਾਮਾਤ ਦਿਖਾਈ ਕਿ ਉਹ ਗੁਰੂ ਦਾ ਮੁਰੀਦ ਹੋ ਗਿਆ। ਗੁਰੂ ਗੋਬਿੰਦ ਸਿੰਘ ਨੇ ਸਰਹੰਦ ਦੇ ਸੂਬੇਦਾਰ, ਵਜ਼ੀਰ ਖਾਨ ਤੋਂ ਛੋਟੇ ਸਾਹਿਬਜਾਦਿਆਂ ਦੀ ਮੌਤ ਦਾ ਬਦਲਾ ਲੈਣ ਲਈ ਕਿਹਾ। ਗੁਰੂ ਦੇ ਹੁਕਮ 'ਤੇ ਬੰਦਾ ਸਿੰਘ ਪੰਜਾਬ ਆਇਆ ਅਤੇ ਉਸਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਅਤੇ ਗੁਰੂ ਸਾਹਿਬ ਵੱਲੋਂ ਸੌਂਪੇ ਮਿਸ਼ਨ ਨੂੰ ਪੂਰਾ ਕੀਤਾ। ਪਰ ਉਹ ਇਸ ਜਿੱਤ ਨਾਲ ਇੰਨਾ ਘੁਮੰਡੀ ਹੋ ਗਿਆ ਕਿ ਉਸਨੇ ਗੁਰੂ ਦੀਆਂ ਦਿੱਤੀਆਂ ਹਦਾਇਤਾਂ ਦੀ ਉਲੰਘਣਾ ਕਰਨੀ ਸ਼ੁਰੂ ਕਰ ਦਿੱਤੀ। ਇਹ ਹਦਾਇਤਾਂ ਸਨ ਕਿ ਵਿਆਹ ਨਹੀਂ ਕਰਵਾਉਣਾ ਅਤੇ ਆਪਣੇ-ਆਪ ਨੂੰ ਗੁਰੂ ਨਹੀਂ ਕਹਾਉਣਾ। ਪਰ ਉਸਨੇ ਵਿਆਹ ਵੀ ਕਰਵਾਇਆ ਅਤੇ ਆਪਣੇ ਆਪ ਨੂੰ ਗੁਰੂ ਵੀ ਅਖਵਾਉਣਾ ਸ਼ੁਰੂ ਕਰ ਦਿੱਤਾ। ਇਸ ਕਰਕੇ ਬੰਦੇ ਦਾ ਪਤਨ ਹੋ ਗਿਆ, ਉਸਨੂੰ ਗੁਰਦਾਸ ਨੰਗਲ ਤੋਂ ਗ੍ਰਿਫਤਾਰ ਕਰਕੇ ਦਿੱਲੀ ਲਿਜਾ ਕੇ ਸ਼ਹੀਦ ਕਰ ਦਿੱਤਾ ਗਿਆ। ਪਰ ਇਹ ਇਤਿਹਾਸ ਨਹੀਂ, ਇਤਿਹਾਸ ਨਾਲ ਭੱਦਾ ਮਜ਼ਾਕ ਹੈ। ਇਹ ਬੰਦਾ ਸਿੰਘ ਨਾਲ ਨਹੀਂ, ਗੁਰੂ ਗੋਬਿੰਦ ਸਿੰਘ ਨਾਲ ਵੀ ਬਹੁਤ ਵੱਡੀ ਬੇਇਨਸਾਫੀ ਹੈ।

ਕਿਹਾ ਗਿਆ ਹੈ ਕਿ ਗੁਰੂ ਸਾਹਿਬ ਨੇ ਬੰਦੇ ਨੂੰ ਦੈਵੀ ਸ਼ਕਤੀ ਕਰਾਮਾਤ ਦਿਖਾ ਕੇ ਪ੍ਰਭਾਵਿਤ ਕਰ ਲਿਆ ਅਤੇ ਗੁਰੂ ਦੇ ਪ੍ਰਤਾਪ ਨਾਲ ਇੱਕ ਬੈਰਾਗੀ ਸਾਧ ਤੋਂ ਫੌਜੀ ਜਰਨੈਲ ਬਣ ਗਿਆ। ਗੁਰੂ ਗੋਬਿੰਦ ਸਿੰਘ ਨੂੰ ਸ਼ਕਤੀ ਵਾਲਾ ਕਰਾਮਾਤੀ ਕਹਿਣਾ ਗੁਰੂ ਦੇ ਸ਼ਾਨਾਮੱਤੇ ਇਤਿਹਾਸ 'ਤੇ ਕਾਲਖ ਪੋਚਣਾ ਹੈ। ਜਦੋਂ ਕਸ਼ਮੀਰੀ ਪੰਡਿਤ ਗੁਰੂ ਦੇ ਦਰ 'ਤੇ ਸਹਾਇਤਾ ਲਈ ਆਏ ਤਾਂ ਗੁਰੂ ਨੇ ਆਪਣੀ ਦੈਵੀ ਸ਼ਕਤੀ ਨਾਲ ਉਹਨਾਂ ਦੇ ਮਸਲੇ ਹੱਲ ਕਿਉਂ ਨਾ ਕੀਤੇ ? ਔਰੰਗਜ਼ੇਬ ਦੇ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਅਤੇ ਸ਼ਹੀਦ ਹੋਣ ਲਈ ਉਨਾਂ ਆਪਣੇ ਪਿਤਾ, ਨੌਵੇਂ ਗੁਰੂ, ਤੇਗ ਬਹਾਦੁਰ ਜੀ ਨੂੰ ਸ਼ਹਾਦਤ ਦੇਣ ਲਈ ਕਿਉਂ ਤੋਰਿਆ ? ਜੇਕਰ ਉਨਾਂ ਕੋਲ ਦੈਵੀ ਸ਼ਕਤੀ ਸੀ ਤਾਂ ਉਹਨਾਂ ਨੇ ਸਭ ਮਸਲੇ ਸ਼ਕਤੀ ਨਾਲ ਕਿਉਂ ਨਾ ਹੱਲ ਕਰ ਦਿੱਤੇ ਤੇ ਉਹਨਾਂ ਨੂੰ ਲੋਕ ਫੌਜ ਖਾਲਸਾ ਸਿਰਜਣ ਦੀ ਕੀ ਲੋੜ ਸੀ। ਜਦੋਂ ਅਨੰਦਪੁਰ ਦੇ ਕਿਲ੍ਹੇ ਨੂੰ ਮੁਗਲ ਫੌਜ ਨੇ ਘੇਰਾ ਪਾਇਆ ਹੋਇਆ ਸੀ ਤਾਂ ਗੁਰੂ ਸਾਬ ਨੇ ਆਪਣੀ ਦੈਵੀ ਸ਼ਕਤੀ ਨਾਲ ਉਸ ਫੌਜ ਨੂੰ ਖਤਮ ਕਿਉਂ ਨਹੀਂ ਕਰ ਦਿੱਤਾ ? ਚਮਕੌਰ ਦੀ ਗੜ੍ਹੀ ਵਿੱਚ ਆਪਣੇ ਬਹਾਦੁਰ ਸਿੰਘਾਂ ਤੇ ਆਪਣੇ ਦੋ ਵੱਡੇ ਪੁੱਤਰਾਂ ਨੂੰ ਕਿਉਂ ਸ਼ਹੀਦ ਕਰਾਉਣਾ ਪਿਆ। ਉਹ ਮਾਤਾ ਗੁਜਰੀ ਅਤੇ ਆਪਣੇ ਛੋਟੇ ਪੁੱਤਰਾਂ ਦੀ ਦਰਦਨਾਕ ਸ਼ਹਾਦਤ ਨੂੰ ਆਪਣੀ ਦੈਵੀ ਸ਼ਕਤੀ ਨਾਲ ਕਿਉਂ ਨਾ ਰੋਕ ਸਕੇ ? ਕਿਉਂ ਏਨੀਆਂ ਕਠਿਨ ਹਾਲਤਾਂ ਵਿੱਚ ਉਨਾਂ ਨੂੰ ਮਾਛੀਵਾੜੇ ਦੇ ਜੰਗਲ ਵਿੱਚ ਭਟਕਣਾ ਪਿਆ ? ਕਿਉਂ ਮੁਸਲਿਮ ਸ਼ਰਧਾਲੂਆਂ ਦੇ ਘਰਾਂ ਵਿੱਚ ਪਨਾਹ ਲੈਣੀ ਪਈ। ਜਿਹੜੀ ਦੈਵੀ ਸ਼ਕਤੀ ਬੰਦੇ ਨੂੰ ਦੇ ਕੇ ਉਨ੍ਹਾਂ ਵਜ਼ੀਰ ਖਾਂ ਤੋਂ ਬਦਲਾ ਲੈਣ ਭੇਜਿਆ, ਵਜ਼ੀਰੇ ਵਿਰੁੱਧ ਉਸ ਦੈਵੀ ਸ਼ਕਤੀ ਦੀ ਵਰਤੋਂ ਆਪ ਕਿਉਂ ਨਾ ਕੀਤੀ ? ਅਜਿਹੀ ਇਤਿਹਾਸਕਾਰੀ ਕਰਨ ਵਾਲਿਆਂ ਕੋਲ ਇਹਨਾਂ ਸਾਰੇ ਸੁਆਲਾਂ ਦਾ ਕੋਈ ਜਵਾਬ ਨਹੀਂ। ਅਸਲ ਵਿੱਚ ਇਹ ਸ਼ਰਧਾ ਦੇ ਨਾਮ 'ਤੇ ਗੁਰੂ ਸਾਬ ਦੀ ਮਹਾਨ ਕੁਰਬਾਨੀ ਨੂੰ ਘੱਟੇ ਰੋਲਣਾ ਅਤੇ ਇਤਿਹਾਸ ਦੇ ਇੱਕ ਸ਼ਾਨਦਾਰ ਅਤੇ ਸੁਨਹਿਰੇ ਅਧਿਆਏ 'ਤੇ ਕਾਲਖ ਪੋਤਣਾ ਹੈ।

ਰਹੀ ਗੱਲ ਬੰਦੇ ਦੇ ਵਿਆਹ ਕਰਵਾਉਣ ਦੀ, ਇਹ ਠੀਕ ਹੈ ਕਿ ਬੰਦਾ ਸ਼ਾਦੀ-ਸ਼ੁਦਾ ਸੀ ਅਤੇ ਉਸਦਾ ਇੱਕ ਪੁੱਤਰ ਵੀ ਸੀ ਜਿਸਨੂੰ ਬੰਦਾ ਸਿੰਘ ਦੇ ਸਾਹਮਣੇ ਸ਼ਹੀਦ ਕੀਤਾ ਗਿਆ ਅਤੇ ਕਿਹਾ ਜਾਂਦਾ ਹੈ ਕਿ ਉਸਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿੱਚ ਪਾਇਆ ਗਿਆ। ਪਰ ਸਿੱਖੀ ਨੇ ਕਦੀ ਵੀ ਪਰਿਵਾਰਕ ਜਾਂ ਦੁਨਿਆਵੀ ਤਿਆਗ ਦੀ ਗੱਲ ਨਹੀਂ ਕੀਤੀ ਬਲਕਿ ਸਿੱਖੀ ਤਾਂ 'ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜਗਤਿ ਇਵ ਪਾਈਐ' ਦੀ ਵਿਚਾਰਾਧਾਰਾ ਹੈ, ਪਰਿਵਾਰਕ ਤਿਆਗ ਦੀ ਨਹੀਂ। ਅੱਠਵੇਂ ਗੁਰੂ ਜੋ ਛੋਟੀ ਉਮਰ ਵਿੱਚ ਹੀ ਪੂਰੇ ਹੋ ਗਏ ਤੋਂ ਬਿਨਾਂ ਸਾਰੇ ਗੁਰੂ ਸ਼ਾਦੀ ਸ਼ੁਦਾ ਸਨ। ਛੇਵੇਂ ਗੁਰੂ ਹਰਗੋਬਿੰਦ ਸਿੰਘ ਅਤੇ ਦਸਵੇਂ ਗੁਰੂ ਗੋਬਿੰਦ

ਸਿੰਘ ਦੇ ਇੱਕ ਤੋਂ ਵੱਧ ਵਿਆਹ ਸਨ। ਜਿਸ ਗੁਰੂ ਦੇ ਆਪਣੇ ਇੱਕ ਤੋਂ ਵੱਧ ਵਿਆਹ ਹੋਏ ਸਨ ਅਤੇ ਜੋ ਉਸ ਲਹਿਰ ਦੀ ਨੁਮਾਇੰਦਗੀ ਕਰਦੇ ਸਨ, ਜੋ ਆਮ ਜ਼ਿੰਦਗੀ ਜਿਉਂਦਿਆਂ ਜ਼ਬਰ-ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਵਾਲੀ ਲਹਿਰ ਸੀ, ਉਹ ਬੰਦਾ ਸਿੰਘ ਨੂੰ ਵਿਆਹ ਨਾ ਕਰਵਾਉਣ ਦਾ ਨਿਰਦੇਸ਼ ਕਿਵੇਂ ਦੇ ਸਕਦੇ ਸਨ? ਇਹ ਕਹਾਣੀਆਂ ਬੰਦਾ ਸਿੰਘ ਦੇ ਵਿਰੋਧੀਆਂ ਅਤੇ ਮੁਗਲ ਦਰਬਾਰ ਨਾਲ ਰਲੇ ਹੋਏ ਲੋਕਾਂ ਨੇ ਘੜੀਆਂ ਹਨ।

ਜਿੱਥੋਂ ਤੱਕ ਇਸ ਪ੍ਰਚਾਰ ਦਾ ਸਬੰਧ ਹੈ ਕਿ ਬੰਦਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੇ ਨਿਰਦੇਸ਼ ਦੀ ਉਲੰਘਣਾ ਕਰਦਿਆਂ ਆਪਣੇ ਆਪ ਨੂੰ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ, ਦਾ ਕੋਈ ਅਧਾਰ ਨਹੀਂ। ਇਹ ਸਹੀ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਸਿੱਖ ਲਹਿਰ ਦੀ ਵਿਚਾਰਧਾਰਾ, ਜੋ ਕਿ ਸਮੁੱਚੀ ਭਗਤੀ ਲਹਿਰ ਦੀ ਵਿਚਾਰਧਾਰਾ ਨੂੰ ਸਮੋਂਦੀ ਸੀ ਅਤੇ ਜੋ ਗਰੰਥ ਦੇ ਰੂਪ ਵਿੱਚ ਸੰਗ੍ਰਹਿਤ ਸੀ ਤੋਂ ਅਗਵਾਈ ਅਤੇ ਰੌਸ਼ਨੀ ਲੈਣ ਅਤੇ ਉਸੇ ਨੂੰ ਗੁਰੂ ਮੰਨਣ ਦਾ ਹੁਕਮ ਦਿੱਤਾ ਸੀ। ਇਸ ਵਿੱਚ ਕੋਈ ਦੋ ਰਾਵਾਂ ਨਹੀਂ। ਪਰ ਬੰਦੇ ਦਾ ਅਜਿਹਾ ਕੋਈ ਹੁਕਮ ਨਹੀਂ ਸੀ ਜਿਸ ਵਿੱਚ ਉਸਨੇ ਆਪਣੇ ਆਪ ਨੂੰ ਗੁਰੂ ਮੰਨਣ ਲਈ ਕਿਹਾ ਹੋਵੇ। ਸਿਰਫ ਸਰਕਾਰੀ ਰਿਕਾਰਡ ਵਿੱਚ ਉਸਨੂੰ ਨਾਨਕਪੰਥ ਦਾ ਗੁਰੂ ਕਿਹਾ ਗਿਆ ਹੈ। ਅਜਿਹਾ ਇਸ ਕਰਕੇ ਕਿ ਖੁਫੀਆ ਰਿਪੋਰਟਾਂ ਲਿਖਣ ਵਾਲੇ ਸੂਹੀਆਂ ਨੂੰ ਇਸ ਫ਼ਰਕ ਦੀ ਸੋਝੀ ਹੀ ਨਹੀਂ ਸੀ। ਉਹਨਾਂ ਨੂੰ ਸਿੱਖਾਂ ਦੀ ਅਗਵਾਈ ਕਰਨ ਵਾਲਾ ਆਗੂ ਸਿੱਖ ਪ੍ਰੰਪਰਾ ਅਨੁਸਾਰ ਗੁਰੂ ਹੀ ਜਾਪਦਾ ਸੀ। ਹਾਂ ਇਸ ਗੱਲ ਦੇ ਸਬੂਤ ਜ਼ਰੂਰ ਮਿਲਦੇ ਹਨ ਕਿ ਉਸਨੇ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ। ਉਸਦੀ ਅਗਵਾਈ ਵਿੱਚ ਜੋ ਰਾਜ ਸਥਾਪਿਤ ਹੋਇਆ, ਉਹ ਬੰਦਾ ਸਿੰਘ ਦਾ ਰਾਜ ਨਹੀਂ ਸੀ ਬਲਕਿ ਖਾਲਸਾ ਰਾਜ ਸੀ। ਇਸ ਖਾਲਸਾ ਰਾਜ ਦੀ ਜਿਹੜੀ ਮੁਹਰ ਜਾਰੀ ਕੀਤੀ ਗਈ ਉਸਤੇ ਦਰਜ ਸੀ 'ਦੇਗ ਤੇਗ ਫ਼ਤਹਿ, ਨੁਸਰਤ ਬੇਦਰੰਗ, ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ'। ਇਸੇ ਤਰ੍ਹਾਂ ਖਾਲਸਾ ਰਾਜ ਦਾ ਜਿਹੜਾ ਸਿੱਕਾ ਜਾਰੀ ਕੀਤਾ ਗਿਆ, ਉਸਤੇ ਇਹ ਸ਼ਬਦ ਦਰਜ ਸਨ, "ਸਿਕਾ ਜ਼ਦ ਬਰ ਹਰ ਦੋ ਆਲਮ ਤੇਗ਼ ਨਾਨਕ ਵਾਹਬ ਅਸਤ, ਫ਼ਤਹਿ ਗੋਬਿੰਦ ਸਿੰਘ ਸ਼ਾਹ ਸ਼ਾਹਾਨਿ, ਫ਼ਜ਼ਲ ਸੱਚਾ ਸਾਹਿਬ ਅਸਤ"। ਖਾਲਸਾ ਰਾਜ ਦੀ ਮੁਹਰ ਅਤੇ ਸਿੱਕੇ 'ਤੇ ਬੰਦਾ ਸਿੰਘ ਦਾ ਨਾਮੋ ਨਿਸ਼ਾਨ ਨਹੀਂ ਹੈ। ਫਿਰ ਬੰਦਾ ਸਿੰਘ ਆਪਣੇ ਆਪ ਨੂੰ ਗੁਰੂ ਕਿਵੇਂ ਐਲਾਨ ਸਕਦਾ ਸੀ। ਹਾਂ ਇਹ ਜ਼ਰੂਰ ਸੰਭਵ ਹੈ ਕਿ ਬੰਦਾ ਸਿੰਘ ਦੀ ਬਹਾਦਰੀ ਅਤੇ ਚੜ੍ਹਤ ਦੇਖ ਕੇ ਉਸਨੂੰ ਗੁਰੂ ਕਹਿਣਾ ਸ਼ੁਰੂ ਕਰ ਦਿੱਤਾ ਹੋਵੇ ਪਰ ਬੰਦਾ ਸਿੰਘ ਨੇ ਆਪਣੇ ਆਪ ਨੂੰ ਕਦੀ ਗੁਰੂ ਨਹੀਂ ਅਖਵਾਇਆ। ਇਹ ਘਾੜਤ ਨਿਰਾ ਝੂਠ ਹੈ।

ਬੰਦਾ ਸਿੰਘ ਦੀ ਸ਼ਖ਼ਸੀਅਤ ਅਜਿਹੀ ਸੀ ਕਿ ਉਹ ਇੱਕ ਗੁਰੀਲਾ ਕਮਾਂਡਰ ਸੀ, ਉਸਨੂੰ ਕਿਸੇ ਤਰਾਂ ਦਾ ਲੋਭ ਲਾਲਚ ਨਹੀਂ ਸੀ। ਉਸਨੂੰ ਤਾਂ ਰਾਜ ਕਰਨ ਦਾ ਵੀ ਲਾਲਚ ਨਹੀਂ ਸੀ। ਸਰਹੰਦ ਫ਼ਤਹਿ ਉਪਰੰਤ ਬੰਦਾ ਸਿੰਘ ਨੇ ਬਾਜ ਸਿੰਘ ਨੂੰ ਸਰਹੰਦ ਦਾ ਨਵਾਬ ਥਾਪ ਦਿੱਤਾ ਅਤੇ ਆਲੀ ਸਿੰਘ ਨੂੰ ਉਸਦਾ ਨਾਇਬ ਥਾਪ ਦਿੱਤਾ। ਫਤਿਹ ਸਿੰਘ ਨੂੰ ਸਮਾਣੇ ਦਾ ਅਤੇ ਰਾਮ ਸਿੰਘ ਨੂੰ ਥਾਨੇਸਰ ਦਾ ਸੂਬੇਦਾਰ ਬਣਾ ਦਿੱਤਾ ਅਤੇ ਆਪ ਅਗਲੇ ਯੁੱਧਾਂ ਲਈ ਮਾਨਸਿਕ ਅਤੇ ਜਿਸਮਾਨੀ ਤਿਆਰੀ ਲਈ ਲੋਹਗੜ੍ਹ ਚਲਾ ਗਿਆ। ਇਹ ਬੰਦੇ ਦਾ ਸਹੀ ਕਦਮ ਸੀ ਜਾਂ ਉਸਦੀ ਗਲਤੀ ਸੀ, ਇਸਦਾ ਫੈਸਲਾ ਇਤਿਹਾਸਕਾਰਾਂ ਨੇ ਕਰਨਾ ਹੈ, ਪਰ ਇਹ ਇਸ ਗੱਲ ਦਾ ਪੁਖਤਾ ਸਬੂਤ ਹੈ ਕਿ ਬੰਦਾ ਸਿੰਘ ਨੂੰ ਰਾਜ ਭਾਗ ਦਾ ਭੋਰਾ ਲਾਲਚ ਨਹੀਂ ਸੀ। ਕੁਝ ਇਤਿਹਾਸਕਾਰ ਲੋਹਗੜ੍ਹ ਨੂੰ ਸਿੱਖ ਰਾਜ ਦੀ ਰਾਜਧਾਨੀ ਕਹਿੰਦੇ ਹਨ ਕਿਉਂਕਿ ਇਹ ਬੰਦਾ ਸਿੰਘ ਦਾ ਹੈਡਕੁਆਟਰ ਸੀ। ਉਹ ਬੰਦੇ ਦਾ ਲੋਹਗੜ੍ਹ ਜਾਣਾ ਰਾਜਧਾਨੀ ਚਲੇ ਜਾਣਾ ਕਹਿੰਦੇ ਹਨ। ਪਰ ਭੂਗੋਲਿਕ ਅਤੇ ਪ੍ਰਸਾਸ਼ਨਿਕ ਦ੍ਰਿਸ਼ਟੀ ਤੋਂ ਲੋਹਗੜ੍ਹ ਕਿਵੇਂ ਵੀ ਰਾਜਧਾਨੀ ਬਣਾਏ ਜਾਣ ਲਈ ਯੋਗ ਨਹੀਂ ਸੀ। ਇਹ ਸਿੱਖ ਰਾਜ ਦੇ ਇਲਾਕਿਆਂ ਤੋਂ ਬਿਲਕੁਲ ਕਿਨਾਰੇ 'ਤੇ ਸਥਿਤ ਹੈ। ਇਹ ਇੱਕ ਨੀਮ-ਪਹਾੜੀ ਖੇਤਰ ਹੋਣ ਕਰਕੇ, ਇਹ ਗੁਰੀਲਾ ਲੜਾਈ ਲਈ ਉਪਯੁਕਤ ਸੀ, ਇਸ ਕਰਕੇ ਬੰਦਾ ਸਿੰਘ ਨੇ ਇਸਨੂੰ ਆਪਣਾ ਹੈਡਕੁਆਟਰ ਬਣਾਇਆ ਨਾ ਕਿ ਰਾਜਧਾਨੀ।

ਹੁਣ ਸਵਾਲ ਇਹ ਉੱਠਦਾ ਹੈ ਕਿ ਬੰਦਾ ਸਿੰਘ ਬਹਾਦੁਰ ਦੀ ਕੁਰਬਾਨੀ ਇਤਿਹਾਸ ਦਾ ਸ਼ਾਨਦਾਰ ਬਾਬ ਹੈ, ਜਿਸਨੇ ਸਿੱਖ ਲਹਿਰ ਨੂੰ ਇਸਦੇ ਤਰਕਸ਼ੀਲ ਸਿਖ਼ਰ 'ਤੇ ਪਹੁੰਚਾਇਆ, ਜੋ ਇੱਕ ਬਹਾਦੁਰ ਲੜਾਕਾ ਅਤੇ ਮਹਾਨ ਜਰਨੈਲ ਸੀ ਦਾ ਇਤਿਹਾਸ ਵਿੱਚ ਅਜਿਹਾ ਹੁਲੀਆ ਵਿਗਾੜ ਕਿਉਂ ਕੀਤਾ ਗਿਆ? ਇਸਦੇ ਕਈ ਕਾਰਨ ਹਨ। ਇੱਥੇ ਅਸੀਂ ਉਹਨਾਂ ਕਾਰਨਾਂ ਦੀ ਸੰਖੇਪ ਚਰਚਾ ਕਰਾਂਗੇ।

14-15ਵੀਂ ਸਦੀ ਵਿੱਚ ਹਿੰਦੂ ਜਗੀਰਦਾਰੀ ਪੂਰੀ ਤਰਾਂ ਖੋਖਲੀ ਤੇ ਬੋਦੀ ਹੋ ਗਈ ਸੀ, ਪਰ ਇਸਨੂੰ ਢਾਹ-ਢੇਰੀ ਕਰਕੇ ਸਮਾਜ ਨੂੰ ਅਗਲੇ ਪੜਾਅ ਵਿੱਚ ਲਿਜਾਣ ਵਾਲੀਆਂ ਜਮਾਤਾਂ ਦਾ ਅਜੇ ਉਦੈ ਨਹੀਂ ਸੀ ਹੋਇਆ। ਇਸ ਸਥਿਤੀ ਵਿੱਚ

ਪੈਦਾ ਹੋ ਰਹੇ ਖਲਾਅ ਨੂੰ ਮੁਸਲਮਾਨ ਜਗੀਰਦਾਰੀ ਨੇ ਭਰਿਆ। ਉਸ ਦੌਰ ਵਿੱਚ ਦੇਸ਼ ਦੇ ਕਿਰਤੀ ਲੋਕ ਇਹਨਾਂ ਦੋਹਾਂ ਜਗੀਰੂ ਬਣਤਰਾਂ ਦੇ ਜਬਰ ਹੇਠ ਪਿਸ ਰਹੇ ਸਨ। ਕਿਸਾਨ ਅਤੇ ਖੇਤੀ ਨਾਲ ਜੁੜੀਆਂ ਹੋਰ ਜਮਾਤਾਂ/ਜਾਤਾਂ ਵਿੱਚ ਇਸ ਜਗੀਰੂ ਲੁੱਟ ਅਤੇ ਜ਼ਬਰ ਵਿਰੁੱਧ ਗਹਿਰਾ ਰੋਸ ਸੀ। ਇਸ ਰੋਸ ਦਾ ਫੁਟਾਰਾ ਭਗਤੀ ਲਹਿਰ ਸੀ ਅਤੇ ਇਸਦੀ ਅਗਵਾਨੂੰ ਸਿੱਖ ਲਹਿਰ ਸੀ। ਇਸ ਲਹਿਰ ਨੂੰ ਹੁੰਗਾਰਾ ਵੀ ਇਨਾਂ ਜਮਾਤਾਂ ਨੇ ਦਿੱਤਾ। ਇਹੀ ਜਮਾਤਾਂ ਸਨ ਜੋ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ’ਚੋਂ ਦਸਵੰਧ ਲਿਆ ਕੇ ਚੜ੍ਹਾਉਂਦੀਆਂ ਸਨ, ਇਸ ਨਾਲ ਗੁਰੂ ਕਾ ਅਟੁੱਟ ਲੰਗਰ ਵਰਤਦਾ ਸੀ। ਗੁਰੂ ਘਰ ਤੋਂ ਉਨਾਂ ਨੂੰ ਜ਼ੁਲਮ ਵਿਰੁੱਧ ਖੜਨ ਦੀ ਤੇ ਜ਼ਬਰ ਨੂੰ ਸਹਿਣ ਦੀ ਪ੍ਰੇਰਨਾ ਮਿਲਦੀ ਸੀ। ਇਹੀ ਕਾਰਨ ਸੀ ਕਿ ਜਦੋਂ ਮੁਗਲ ਬਾਦਸ਼ਾਹ ਅਕਬਰ ਗੋਇੰਦਵਾਲ ਗੁਰੂ ਦਰਬਾਰ ਵਿੱਚ ਆਇਆ ਤਾਂ ਉਹ ਲੰਗਰ ਦੀ ਪ੍ਰਥਾ ਖਾਸ ਕਰਕੇ ਊਚ-ਨੀਚ ਤੋਂ ਮੁਕਤ ਸਭ ਦੇ ਇੱਕ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਦੀ ਪ੍ਰਥਾ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੇ ਖੁਸ਼ ਹੋ ਕੇ ਲੰਗਰ ਲਈ ਗੁਰੂ ਦਰਬਾਰ ਨੂੰ ਜਗੀਰ ਦੇਣ ਦੀ ਪੇਸ਼ਕਸ਼ ਕੀਤੀ ਤਾਂ ਗੁਰੂ ਨੇ ਇਹ ਪੇਸ਼ਕਸ਼ ਤਾਂ ਕਬੂਲ ਨਾ ਕੀਤੀ, ਇਸਦੇ ਇਵਜ ਵਿੱਚ ਉਨਾਂ ਕਿਸਾਨਾਂ ਦਾ ਮਾਲੀਆ ਮਾਫ ਕਰਨ ਲਈ ਕਿਹਾ। ਅਕਬਰ ਨੇ ਕਿਸਾਨਾਂ ਦਾ ਮਾਲੀਆ ਮਾਫ ਕਰ ਦਿੱਤਾ। ਇਸੇ ਤਰ੍ਹਾਂ ਦਸਵੇਂ ਗੁਰੂ, ਗੋਬਿੰਦ ਸਿੰਘ ਨੇ ਜਦੋਂ 1699 ਈ. ਵਿਸਾਖੀ ਸਮੇਂ ਸੀਸ ਦੀ ਕੁਰਬਾਨੀ ਦੇਣ ਵਾਲੇ ਪੰਜ ਬੰਦਿਆਂ ਨੂੰ ਅੱਗੇ ਆਉਣ ਲਈ ਕਿਹਾ ਤਾਂ ਹਜ਼ਾਰਾਂ ਦੇ ਇਕੱਠ ਵਿੱਚੋਂ ਜਿਹੜੇ ਪੰਜ ਬੰਦੇ ਗੁਰੂ ਲਈ ਸੀਸ ਭੇਟ ਕਰਨ ਲਈ ਅੱਗੇ ਆਏ, ਉਹ ਸਾਰੇ ਜ਼ਰੱਈ ਜਮਾਤਾਂ ਵਿੱਚੋਂ ਸਨ। ਜਦੋਂ ਸੋਢੀ ਬੇਦੀ ਗੁਰੂ ਗੱਦੀ ਲਈ ਲਾਲ੍ਹਾਂ ਸੁੱਟ ਰਹੇ ਸਨ ਅਤੇ ਇਸ ਝਗੜੇ ਨੂੰ ਦਿੱਲੀ ਦਰਬਾਰ ਵਿੱਚ ਲੈ ਕੇ ਗਏ, ਜਿਸਦੇ ਚਲਦਿਆਂ, ਅੱਠਵੇਂ ਗੁਰੂ, ਸ਼੍ਰੀ ਹਰਿਕ੍ਰਿਸ਼ਨ ਦੀ ਮੌਤ ਹੋ ਗਈ, ਜਿਸਦੇ ਚਲਦਿਆਂ ਗੁਰੂ ਤੇਗ ਬਹਾਦੁਰ ’ਤੇ ਬਾਬਾ ਬਕਾਲੇ ਵਿੱਚ ਬੰਦੂਕ ਨਾਲ ਹਮਲਾ ਕਰਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ, ਉਹਨਾਂ ਨੂੰ ਹਰਿਮੰਦਰ ਸਾਬ ਦੇ ਦਰਸ਼ਨਾਂ ਲਈ ਅੰਦਰ ਨਾ ਵੜਨ ਦਿੱਤਾ ਗਿਆ, ਉਹਨਾਂ ਨੂੰ ਉਹਨਾਂ ਦੇ ਪਿਤਾ ਵੱਲੋਂ ਵਸਾਈ ਨਗਰੀ ਕੀਰਤਪੁਰ ਵਿੱਚ ਵਸੇਬਾ ਨਾ ਕਰਨ ਦਿੱਤਾ ਗਿਆ ਤਾਂ ਚੂਹੜਾ ਕਹੇ ਜਾਣ ਵਾਲੇ ਭਾਈ ਜੈਤਾ ਜੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਉਪਰੰਤ ਉਹਨਾਂ ਦਾ ਸੀਸ ਬੜੀਆਂ ਜਹਿਮਤਾਂ ਉਠਾ ਕੇ ਦਿੱਲੀ ਤੋਂ ਲੈ ਕੇ ਆਏ। ਜਦੋਂ ਗੁਰੂ ਗੋਬਿੰਦ ਸਿੰਘ ਨੇ ਸਿਰਾਂ ਦੀ ਮੰਗ ਕੀਤੀ ਤਾਂ ਨੀਵੇਂ ਕਹੇ ਜਾਣ ਵਾਲੇ ਨਾਈਆਂ, ਝੀਰਾਂ, ਛੀਬਿਆਂ, ਜੱਟਾਂ ਆਦਿ ਨੇ ਸਿਰ ਦੇਣ ਦੀ ਪੇਸ਼ਕਸ਼ ਕੀਤੀ। ਬਾਬੇ ਦਾ ਕਿਹਾ ਸੱਚ ਹੋ ਰਿਹਾ ਸੀ ਕਿ, “ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ, ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।” ਇਹਨਾਂ ਲਈ ਹੀ ਗੁਰੂ ਗੋਬਿੰਦ ਸਿੰਘ ਨੇ ਕਿਹਾ, “ਇਨਹੀ ਕੀ ਕਿਰਪਾ ਕੇ ਸਜੇ ਹਮ ਹੈਂ, ਨਹੀ ਮੋਸੇ ਗਰੀਬ ਕਰੋਰ ਪਰੇ”। ਸਿੱਖ ਲਹਿਰ ਦਾ ਕਾਇਆਪਲਟ ਹੋ ਰਿਹਾ ਸੀ। ਲਹਿਰ ਦਾ ਹਕੀਕੀ ਕਿਰਦਾਰ, ਕਿਸਾਨ ਲਹਿਰ ਦਾ ਕਿਰਦਾਰ ਸਾਹਮਣੇ ਆ ਗਿਆ ਸੀ।

ਕਿਸਾਨੀ ਦੀ ਬੰਦ-ਖਲਾਸੀ ਜਗੀਰਦਾਰੀ ਨੂੰ ਖਤਮ ਕਰਕੇ ਹੀ ਹੋ ਸਕਦੀ ਸੀ। ਜਗੀਰਦਾਰੀ ਖਤਮ ਕਰਨ ਦਾ ਇੱਕੋ ਤਰੀਕਾ ਸੀ ਕਿ ਜਗੀਰਦਾਰਾਂ ਦੀ ਜ਼ਮੀਨ ’ਤੇ ਖੇਤੀ ਕਰਨ ਵਾਲੇ ਕਾਸ਼ਤਕਾਰਾਂ ਨੂੰ, ਮੁਜ਼ਾਰਿਆਂ ਨੂੰ ਉਸ ਜ਼ਮੀਨ ਦਾ ਮਾਲਕ ਬਣਾ ਦਿੱਤਾ ਜਾਵੇ। ਇਹ ਕਿਸਾਨ ਲਹਿਰ ਦਾ ਸਿਖ਼ਰ ਹੋਣਾ ਸੀ ਅਤੇ ਇਹ ਕਾਰਜ ਬੰਦਾ ਸਿੰਘ ਬਹਾਦੁਰ ਦੇ ਹਿੱਸੇ ਆਇਆ। ਸਰਹਿੰਦ ਫ਼ਤਹਿ ਕਰਨ ਉਪਰੰਤ ਬੰਦਾ ਸਿੰਘ ਨੇ ਹਲਵਾਹਕ ਕਿਸਾਨਾਂ ਨੂੰ ਜ਼ਮੀਨ ਦੇ ਮਾਲਕਾਨਾ ਹੱਕ ਦੇ ਦਿੱਤੇ। ਇਸ ਤਰਾਂ ਇੱਕ ਵਾਰੀ ਤਾਂ ਜਗੀਰਦਾਰੀ ਦਾ ਫਸਤਾ ਵੱਢ ਦਿੱਤਾ ਗਿਆ। ਪਿੰਡਾਂ ਵਿੱਚੋਂ ਸਿਰਫ ਜਗੀਰਦਾਰਾਂ ਦੀਆਂ ਜ਼ਮੀਨਾਂ ਹੀ ਨਹੀਂ ਖੋਹੀਆਂ ਗਈਆਂ ਬਲਕਿ ਪਿੰਡ ਵਿੱਚ ਉਹਨਾਂ ਦੀ ਸੱਤਾ ਵੀ ਖਤਮ ਕਰ ਦਿੱਤੀ ਗਈ। ਪਿੰਡਾਂ ਵਿੱਚ ਖਾਲਸਾ ਪੰਚਾਇਤਾਂ ਸਥਾਪਿਤ ਕੀਤੀਆਂ ਗਈਆਂ। ਇਹਨਾਂ ਵਿੱਚ ਕਿਸੇ ਜਾਤ, ਧਰਮ, ਊਚ-ਨੀਚ ਦਾ ਭੇਦ ਨਹੀਂ ਰੱਖਿਆ ਜਾਂਦਾ ਸੀ। ਬੰਦੇ ਦੀ ਖਾਲਸਾ ਰਾਜ ਪ੍ਰਤੀ ਵਚਨਬੱਧਤਾ ਅਤੇ ਇਮਾਨਦਾਰੀ ਨੂੰ ਹੀ ਕਸੌਟੀ ਮੰਨਿਆ ਜਾਂਦਾ ਸੀ। ਪਹਿਲੇ ਮਨਚਾਹੇ ਮਾਲੀਏ ਦੇ ਪ੍ਰਬੰਧ ਨੂੰ ਖਤਮ ਕਰਕੇ ਉਸਦੀ ਥਾਂ ਕਨਕੂਤ ਪ੍ਰਬੰਧ ਲਾਗੂ ਕੀਤਾ।

ਤੱਤ ’ਚ ਕਹਿਣਾ ਹੋਵੇ ਤਾਂ ਸਿੱਖ ਲਹਿਰ ਇੱਕ ਕਿਸਾਨ ਲਹਿਰ ਸੀ। ਇਸਦਾ ਕਿਰਦਾਰ ਜਮਹੂਰੀ ਸੀ ਅਤੇ ਬੰਦਾ ਸਿੰਘ ਨੇ ਇਸਨੂੰ ਸਿਖ਼ਰ ਤੱਕ ਪਹੁੰਚਾਇਆ। ਇਹ ਇੱਕ ਇਤਿਹਾਸਕ ਸੱਚਾਈ ਹੈ ਕਿ ਲੋਕ ਇਤਿਹਾਸ ਸਿਰਜਦੇ ਹਨ, ਪਰ ਉਹ ਇਤਿਹਾਸ ਆਪਣੀ ਮਨਮਰਜੀ ਨਾਲ ਨਹੀਂ ਸਿਰਜ ਸਕਦੇ, ਬਲਕਿ ਉਹ ਹਾਸਲ ਪ੍ਰਸਥਿਤੀਆਂ ਦੀ ਸੀਮਾ ਰੇਖਾ ਅੰਦਰ ਹੀ ਸਿਰਜ ਸਕਦੇ ਹਨ ਅਤੇ ਉਹ ਕਿਸੇ ਵੀ ਹਾਲਤ ’ਚ ਇਹਨਾਂ ਇਤਿਹਾਸਕ ਪ੍ਰਸਥਿਤੀਆਂ ਨੂੰ ਉਲੰਘ ਨਹੀਂ ਸਕਦੇ। ਪੈਦਾਵਾਰੀ ਤਾਕਤਾਂ ਇੱਕ ਹੱਦ ਤੱਕ ਵਿਕਸਿਤ ਹੋ ਕੇ ਹੀ

ਪੈਦਾਵਾਰੀ ਰਿਸ਼ਤਿਆਂ ਨਾਲ ਟਕਰਾਉਂਦੀਆਂ ਹਨ, ਇਸ ਟਕਰਾਅ ਦੇ ਸਿੱਟੇ ਵਜੋਂ ਹੀ ਇਤਿਹਾਸ ਅਗਲੇ ਦੌਰ ਵਿੱਚ, ਅਗਲੇਰੇ ਪੜਾਅ ਵਿੱਚ ਵਿਕਸਤ ਹੁੰਦਾ ਹੈ। ਇਸਦੀ ਅਣਹੋਂਦ ਵਿੱਚ ਸਮਾਜ ਅਗਲੇ ਪੜਾਅ ਵੱਲ ਛਾਲ ਨਹੀਂ ਮਾਰ ਸਕਦਾ। ਅਜੇਹੀ ਸਥਿਤੀ ਵਿੱਚ ਬਗਾਵਤਾਂ ਅਤੇ ਮੁਲਖਈਏ ਦੀਆਂ ਜੰਗਾਂ ਨਵੇਂ ਪੈਦਾਵਾਰੀ ਰਿਸ਼ਤੇ ਸਿਰਜਣੋ ਅਸਮਰੱਥ ਹੁੰਦੀਆਂ ਹਨ ਅਤੇ ਉਹਨਾਂ ਹੀ ਪੈਦਾਵਾਰੀ ਰਿਸ਼ਤਿਆਂ ’ਚ ਪਰਤਣ ਲਈ ਸਰਾਪੀਆਂ ਜਾਂਦੀਆਂ ਹਨ। ਸਿੱਖ ਲਹਿਰ ਨਾਲ ਵੀ ਇਹੋ ਵਾਪਰਿਆ। ਸਿੱਖ ਲਹਿਰ ਆਪਣੇ ਜਮਹੂਰੀ ਕਿਰਦਾਰ ਦੇ ਬਾਵਜੂਦ ਵੀ ਇੱਕ ਜਮਹੂਰੀ ਸਮਾਜ ਅਤੇ ਰਾਜ ਪ੍ਰਬੰਧ ਸਿਰਜਣ ਵਿੱਚ ਸਫ਼ਲ ਨਹੀਂ ਹੋ ਸਕੀ। ਸੰਗਤ ਨੂੰ ਗੁਰੂ ਤੋਂ ਉੱਪਰ ਦਰਜਾ ਦੇਣ ਵਾਲੀ ਗਣਰਾਜੀ ਸੁਭਾ ਵਾਲੀ ਲਹਿਰ ਦਾ ਮਹਾਰਾਜਾ ਰਣਜੀਤ ਸਿੰਘ ਦੇ ਜਗੀਰੂ ਰਾਜ ਵਿੱਚ ਪਤਨ ਹੋ ਗਿਆ। ਇਸ ਵਿੱਚ ਖਾਮੀ ਸਿੱਖ ਲਹਿਰ ਜਾਂ ਬੰਦਾ ਸਿੰਘ ਵਿੱਚ ਨਹੀਂ ਬਲਕਿ ਇਹ ਇਤਿਹਾਸਕ ਸੀਮਾਵਾਂ ਦੀ ਘੇਰਾਬੰਦੀ ਕਾਰਨ ਵਾਪਰਿਆ। ਦੁਨੀਆਂ ਭਰ ਵਿੱਚ ਪ੍ਰਬੰਧ ਦਾ ਜਮਹੂਰੀਕਰਨ ਸਰਮਾਏਦਾਰੀ ਦੀ ਅਗਵਾਈ ਵਿੱਚ ਵਾਪਰਿਆ, ਜਦੋਂ ਪੂੰਜੀਵਾਦ ਨੇ ਸਾਮਰਾਜੀ ਪੜਾਅ ਵਿੱਚ ਪਹੁੰਚ ਕੇ ਆਪਣਾ ਪ੍ਰਗਤੀਸ਼ੀਲ ਖਾਸਾ ਗੁਆ ਲਿਆ ਅਤੇ ਬਸਤੀਆਂ (ਅਰਧ ਤੇ ਨਵ-ਬਸਤੀਆਂ) ਵਿੱਚ ਜਗੀਰਦਾਰੀ ਨੂੰ ਖਤਮ ਕਰਨ ਦੀ ਥਾਂ ਜਗੀਰਦਾਰੀ ਨਾਲ ਗਠਜੋੜ ਕਰ ਲਿਆ ਤਾਂ ਜਮਹੂਰੀ ਇਨਕਲਾਬ ਦਾ ਜਿੰਮਾ ਪ੍ਰੋਲੇਤਾਰੀ ਨੇ ਓਟ ਲਿਆ। ਚੀਨ ਵਿੱਚ ਜਮਹੂਰੀ ਇਨਕਲਾਬ ਪ੍ਰੋਲੇਤਾਰੀ ਨੇ ਸਿਰੇ ਚੜ੍ਹਾਇਆ। ਪਰ ਇੱਥੇ ਸਤਾਰਵੀਂ ਸਦੀ ਦੇ ਆਰੰਭ ਵਿੱਚ ਇਹ ਦੋਵੇਂ ਜਮਾਤਾਂ ਹਾਲੀਂ ਹੋਂਦ ਵਿੱਚ ਨਹੀਂ ਸਨ ਆਈਆਂ। ਇਸ ਕਰਕੇ ਪ੍ਰਬੰਧ ਦਾ ਜਮਹੂਰੀਕਰਨ ਜਾਂ ਜਮਹੂਰੀ ਇਨਕਲਾਬ ਨਾ ਹੋ ਸਕਿਆ ਅਤੇ ਫਿਰ ਜਗੀਰਦਾਰੀ ਰਾਜ-ਭਾਗ ’ਤੇ ਕਾਬਜ ਹੋ ਗਈ।

ਸਰਹੰਦ ਫਤਿਹ ਤੋਂ ਖਾਲਸਾ ਰਾਜ ਦੀ ਕਾਇਮੀ ਤੇ ਮੁਗਲ ਦਰਬਾਰ ਚੁੱਪ ਕਰਕੇ ਨਹੀਂ ਬਹਿ ਸਕਦਾ ਸੀ। ਉਸਨੇ ਮੋੜਵਾਂ ਹਮਲਾ ਕੀਤਾ। ਸਰਹੰਦ ’ਤੇ ਮੁੜ ਕਬਜਾ ਕਰ ਲਿਆ ਅਤੇ ਲੋਹਗੜ੍ਹ ਦੇ ਕਿਲੇ ਵਿੱਚ ਬੰਦਾ ਸਿੰਘ ਨੂੰ ਘੇਰਾ ਪਾ ਲਿਆ। ਬੰਦਾ ਸਿੰਘ ਆਪਣੇ ਚੋਣਵੇਂ ਸਾਥੀਆਂ ਸਮੇਤ ਕਿਲੇ ਵਿੱਚੋਂ ਬਚ ਨਿਕਲਣ ਵਿੱਚ ਸਫ਼ਲ ਹੋ ਗਿਆ ਅਤੇ ਲੋਹਗੜ੍ਹ ਤੇ ਮੁਗਲ ਸਰਕਾਰ ਦਾ ਕਬਜਾ ਹੋ ਗਿਆ। ਲੋਹਗੜ੍ਹ ਦੀ ਹਾਰ ਤੋਂ ਬਾਅਦ ਸਿੱਖ ਲੀਡਰਸ਼ਿਪ ਵਿੱਚ ਦੋ ਤਰਾਂ ਦੇ ਪ੍ਰਤੀਕਰਮ ਦੇਖਣ ਨੂੰ ਮਿਲਦੇ ਹਨ। ਬੰਦਾ ਸਿੰਘ ਪਹਾੜੀਆਂ ਵਿਚੀਂ ਹੁੰਦਾ ਹੋਇਆ ਜੰਮੂ ਪੁੱਜ ਗਿਆ ਅਤੇ ਨਾਲ ਲਗਵੇਂ ਇਲਾਕਿਆਂ ਵਿੱਚ ਆਪਣੀ ਫੌਜੀ ਸ਼ਕਤੀ ਵਧਾ ਕੇ ਲਹੌਰ ’ਤੇ ਹਮਲਾ ਕਰਨ ਦੀ ਰਣਨੀਤੀ ਬਣਾ ਰਿਹਾ ਸੀ ਤਾਂ ਦੂਜੇ ਪਾਸੇ ਬਾਬਾ ਬਿਨੋਦ ਸਿੰਘ ਅਤੇ ਬਾਜ ਸਿੰਘ ਜਿਹੇ ਆਗੂ ਜਿਹੜੇ ਨਾਂਦੇੜ ਤੋਂ ਹੀ ਬੰਦਾ ਸਿੰਘ ਨਾਲ ਆਏ ਸਨ ਤੇ ਸਿੱਖਾਂ ਵਿੱਚ ਉਹਨਾਂ ਦਾ ਸਤਿਕਾਰ ਵੀ ਸੀ, ਉਹ ਲੋਹਗੜ੍ਹ ਦੀ ਹਾਰ ਉਪਰੰਤ ਦਿਲ ਛੱਡ ਬੈਠੇ। ਉਹਨਾਂ ਨੂੰ ਜਾਪਿਆ ਕਿ ਮੁਗਲ ਰਾਜ ਨੂੰ ਹਰਾਇਆ ਨਹੀਂ ਜਾ ਸਕਦਾ। ਇਸ ਵਿੱਚੋਂ ਉਹਨਾਂ ਨੇ ਮੁਗਲ ਦਰਬਾਰ ਨਾਲ ਸਮਝੌਤੇ ਦਾ ਰਾਹ ਫੜਿਆ ਅਤੇ ਮਾਤਾ ਸੁੰਦਰੀ ਅਤੇ ਉਸਦੀ ਮੁਤਬੰਨੇ ਪੁੱਤਰ, ਅਜੀਤ ਸਿੰਘ ਰਾਹੀਂ ਗੰਢ-ਸੰਢ ਕਰ ਲਈ। ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਇਨਾਂ ਦੇ ਪਹਿਲਾਂ ਵੀ ਬੰਦਾ ਸਿੰਘ ਨਾਲ ਵਿਰੋਧ ਸਨ। ਉਹਨਾਂ ਦਾ ਕਹਿਣਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਦੀ ਬਿਰਾਦਰੀ (ਸੋਢੀ) ਵਿੱਚੋਂ ਸਨ ਅਤੇ ਜਦੋਂ ਇਨਾਂ ਨੂੰ ਪਤਾ ਲੱਗਿਆ ਕਿ ਗੁਰੂ ਜੀ ਦਾ ਬਹਾਦਰ ਸ਼ਾਹ ਨਾਲ ਸੁਲਹ-ਸਮਝੌਤਾ ਹੋ ਗਿਆ ਹੈ ਤਾਂ ਇਹ ਦਿੱਲੀ ਗੁਰੂ ਜੀ ਕੋਲ ਪਹੁੰਚ ਗਏ ਅਤੇ ਉਹਨਾਂ ਦੇ ਨਾਲ ਦੱਖਣ ਚਲੇ ਗਏ। ਜਦੋਂ ਗੁਰੂ ਜੀ ਨੇ ਬੰਦੇ ਨੂੰ ਕਮਾਨ ਦੇ ਕੇ ਪੰਜਾਬ ਭੇਜਣ ਦਾ ਨਿਰਣਾ ਕੀਤਾ ਤਾਂ ਇਨਾਂ ਨੂੰ ਬੰਦੇ ਨਾਲ ਉਸਦੇ ਅਧੀਨ ਕੰਮ ਕਰਨ ਦਾ ਹੁਕਮ ਦਿੱਤਾ ਤਾਂ ਇਹਨਾਂ ਨੂੰ ਇਹ ਗੱਲ ਹਜ਼ਮ ਨਹੀਂ ਹੋਈ। ਅਜਿਹਾ ਇਸ ਕਰਕੇ ਵੀ ਸੀ ਕਿ ਇਹ ਸੋਢੀ ਵੰਸ਼ (ਉੱਚ ਜਾਤੀ) ਨਾਲ ਸਬੰਧ ਰੱਖਦੇ ਸਨ ਅਤੇ ਬੰਦਾ ਸਿੰਘ ਇੱਕ ਨੀਵੀਂ ਜਾਤੀ (ਬੈਰਾਗੀ) ਵਿੱਚੋਂ ਸੀ। ਇਸ ਕਰਕੇ ਉਹ ਸ਼ੁਰੂ ਤੋਂ ਹੀ ਅੰਦਰੋਂ ਬੰਦਾ ਸਿੰਘ ਨਾਲ ਖਾਰ ਖਾਂਦੇ ਸਨ ਭਾਵੇਂ ਉਹ ਖੁੱਲ ਕੇ ਗੁਰੂ ਜੀ ਦੇ ਨਿਰਦੇਸ਼ਾਂ ਦਾ ਵਿਰੋਧ ਨਹੀਂ ਸਨ ਕਰ ਸਕਦੇ। ਕਿਉਂਕਿ ਜੇਕਰ ਉਹ ਅਜਿਹੇ ਕਰਦੇ ਸਨ ਤਾਂ ਉਹਨਾਂ ਦੀ ਆਪਣੀ ਹਸਤੀ ਜ਼ੀਰੋ ਹੋ ਜਾਂਦੀ ਸੀ। ਇਸਤੋਂ ਬਿਨਾਂ ਜਦੋਂ ਸਰਹੰਦ ਫ਼ਤਹਿ ਉਪਰੰਤ ਬੰਦਾ ਸਿੰਘ ਨੇ ਸੂਬੇਦਾਰ ਥਾਪੇ ਤਾਂ ਥਾਨੇਸਰ ਦਾ ਸੂਬੇਦਾਰ ਭਾਈ ਰਾਮ ਸਿੰਘ ਨੂੰ ਥਾਪਿਆ ਅਤੇ ਬਾਬਾ ਬਿਨੋਦ ਸਿੰਘ ਨੂੰ ਉਸਦਾ ਨਾਇਬ ਥਾਪਿਆ। ਬੰਦਾ ਸਿੰਘ ਇੱਕ ਫੌਜੀ ਜਰਨੈਲ ਸੀ ਤੇ ਉਹ ਆਪਣੇ ਸਾਰੇ ਫੈਸਲੇ ਇਸੇ ਨਜ਼ਰੀਏ ਤੋਂ ਕਰਦਾ ਸੀ ਅਤੇ ਉਸਨੇ ਰਾਮ ਸਿੰਘ ਨੂੰ ਚੱਪੜਚਿੜੀ ਦੀ ਫੈਸਲਾਕੁੰਨ ਲੜਾਈ ਵਿੱਚ ਉਸ ਵੱਲੋਂ ਦਿਖਾਈ ਬਹਾਦੁਰੀ ਕਰਕੇ ਥਾਨੇਸਰ ਦਾ ਸੂਬੇਦਾਰ ਥਾਪਿਆ ਸੀ। ਪਰ ਬਿਨੋਦ ਸਿੰਘ ਦੀ ਬੰਦਾ ਸਿੰਘ ਨਾਲ ਖਾਰ ਹੋਰ ਵਧ ਗਈ। ਜਿੰਨੀ ਦੇਰ ਤਾਂ ਬੰਦਾ ਸਿੰਘ ਜਿੱਤਾਂ ਪ੍ਰਾਪਤ ਕਰਦਾ ਜਾ ਰਿਹਾ ਸੀ ਅਤੇ ਬੰਦਾ ਸਿੰਘ

ਦੀ ਪੂਰੀ ਚੜਤ ਸੀ ਤਾਂ ਉਹਨਾਂ ਦੇ ਵਿਰੋਧ ਦੱਬੇ ਰਹੇ ਪਰ ਲੋਹਗੜ੍ਹ ਦੀ ਹਾਰ ਉਪਰੰਤ ਉਹਨਾਂ ਨੂੰ ਯਕੀਨ ਹੋ ਗਿਆ ਕਿ ਬੰਦਾ ਸਿੰਘ ਅਜਿੱਤ ਨਹੀਂ ਤਾਂ ਉਨਾਂ ਨੇ ਮੁਗਲ ਦਰਬਾਰ ਨਾਲ ਰਲ ਕੇ ਬੰਦਾ ਸਿੰਘ ਵਿਰੁੱਧ ਸਾਜਿਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਬਿਨੋਦ ਸਿੰਘ ਨੇ ਮਾਤਾ ਸੁੰਦਰੀ ਨਾਲ ਮਿਲ ਕੇ, ਸੁੰਦਰੀ ਦੇ ਨਾਮ 'ਤੇ ਬੰਦਾ ਸਿੰਘ ਵਿਰੁੱਧ ਹੁਕਮਨਾਮਾ ਜਾਰੀ ਕਰਵਾ ਦਿੱਤਾ।

ਉਧਰ ਬੰਦਾ ਸਿੰਘ ਜੋ ਜੰਮੂ ਅਤੇ ਨਾਲ ਲਗਦੇ ਖੇਤਰਾਂ ਵਿੱਚ ਆਪਣੀ ਫੌਜੀ ਸ਼ਕਤੀ ਜਮ੍ਹਾਂ ਕਰ ਰਿਹਾ ਸੀ, ਨੇ ਲਹੌਰ 'ਤੇ ਹਮਲੇ ਦੀ ਤਿਆਰੀ ਕਰ ਲਈ ਸੀ। ਕਲਾਨੌਰ ਦੀ ਲੜਾਈ ਵਿੱਚ ਉਪਰੰਤ ਬੰਦਾ ਸਿੰਘ ਲਹੌਰ ਵੱਲ ਵਧਿਆ। ਦੋਵੇਂ ਫੌਜਾਂ ਆਮਣੇ-ਸਾਹਮਣੇ ਆ ਗਈਆਂ। ਬੰਦਾ ਸਿੰਘ ਨੇ ਦੇਖਿਆ ਕਿ ਮੁਗਲ ਫੌਜ ਦੀ ਕਮਾਂਡ ਬਾਬਾ ਬਿਨੋਦ ਸਿੰਘ ਦੇ ਪੁੱਤਰ ਅਤੇ ਕਾਹਨ ਸਿੰਘ ਦੇ ਪੁੱਤਰ ਸੀਰੀ ਸਿੰਘ ਅਤੇ ਸੁੰਦਰੀ ਦੇ ਮੁਤਬੰਨੇ ਪੁੱਤਰ ਅਜੀਤ ਸਿੰਘ ਦਾ ਬੇਟਾ ਕਰ ਰਹੇ ਸਨ। ਬੰਦਾ ਸਿੰਘ ਨੂੰ ਨਾ ਇਸ ਸਾਜਿਸ਼, ਇਸ ਗੱਦਾਰੀ ਦੀ ਭਿਣਕ ਸੀ ਅਤੇ ਨਾ ਹੀ ਇਸਦੀ ਤਵੱਕੋ ਸੀ। ਬੰਦਾ ਸਿੰਘ ਲਈ ਇਹ ਸਭ ਕੁਝ ਬੇਹੱਦ ਅਚੰਭਿਤ ਕਰਨ ਵਾਲਾ ਸੀ। ਉਸਨੂੰ ਅਜਿਹਾ ਝਟਕਾ ਲੱਗਿਆ ਕਿ ਉਹ ਲਹੌਰ 'ਤੇ ਹਮਲਾ ਕੀਤੇ ਬਿਨਾਂ ਹੀ ਵਾਪਿਸ ਆ ਗਿਆ। ਮੁਗਲ ਫੌਜ ਉਸਦਾ ਪਿੱਛਾ ਕਰ ਰਹੀ ਸੀ ਅਤੇ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਬੰਦਾ ਸਿੰਘ ਨੂੰ ਘੇਰਾ ਪਾ ਲਿਆ। ਸਿੱਖਾਂ ਨੂੰ ਵੰਡ ਦਿੱਤਾ ਗਿਆ ਸੀ, ਗੱਦਾਰ ਟੋਲਾ ਆਪਣੇ ਆਪ ਨੂੰ ਤੱਤ ਖਾਲਸਾ ਤੇ ਬੰਦੇ ਦੇ ਸਮਰਥਕਾਂ ਨੂੰ ਬੰਦਈ ਖਾਲਸਾ ਕਹਿੰਦਾ ਸੀ। ਸੁੰਦਰੀ ਦੇ ਹੁਕਮ ਦੇ ਸਹਾਰੇ ਸੰਸਥਾਵਾਂ 'ਤੇ ਕਬਜਾ ਕਰ ਲਿਆ। ਬੰਦਾ ਸਿੰਘ ਨੇ ਹਰਮਿੰਦਰ ਸਾਬ ਨੂੰ ਚਿੱਠੀਆਂ ਲਿਖ ਕੇ ਕੁਮਕ ਤੇ ਰਸਦ ਮੰਗੀ ਪਰ ਬਾਜੀ ਪਲਟ ਚੁੱਕੀ ਸੀ।

ਬੰਦਾ ਸਿੰਘ ਦੀ ਸ਼ਹਾਦਤ ਤੋਂ ਬਾਦ ਕੋਈ ਏਕੀਕ੍ਰਿਤ ਲੀਡਰਸ਼ਿਪ ਨਹੀਂ ਸੀ ਪਰ ਸਿੱਖ ਲਹਿਰ ਦਾ ਫੌਜੀਕਰਨ ਤਾਂ ਹੋ ਚੁੱਕਿਆ ਸੀ। ਉਧਰ ਮੁਗਲ ਸਾਮਰਾਜ ਖੋਖਲਾ ਹੋ ਕੇ ਖੇਰੂੰ-ਖੇਰੂੰ ਹੋ ਰਿਹਾ ਸੀ। ਉਧਰੋਂ ਮਰਹੱਟਿਆਂ ਦੀ ਚੜਤ ਅਤੇ ਅਹਿਮਦਸ਼ਾਹ ਅਬਦਾਲੀ ਦੇ ਹਮਲੇ। ਇਸ ਹਾਲਤ ਵਿੱਚ ਕੋਈ ਕੇਂਦਰੀਕ੍ਰਿਤ ਰਾਜ ਦੀ ਸੰਭਾਵਨਾ ਨਹੀਂ ਸੀ। ਸਿੱਖ ਲੜਾਕੂ ਜੱਥਿਆਂ ਵਿੱਚ ਵੰਡੇ ਹੋਏ ਸਨ। ਇਹ ਸਾਰੇ ਜੱਥੇ ਇੱਕ ਨਿਸ਼ਚਿਤ ਖੇਤਰ ਵਿੱਚ ਵਿਚਰਦੇ ਅਤੇ ਪਰਤ ਰਹੇ ਅਬਦਾਲੀ ਨੂੰ ਗੁਰੀਲਾ ਢੰਗ ਰਾਹੀਂ ਹੈਰਾਨ-ਪ੍ਰੇਸ਼ਾਨ ਕਰਦੇ ਅਤੇ ਬਚੇ-ਖੁਚੇ ਮੁਗਲ ਸਾਮਰਾਜ ਵਿਰੁੱਧ ਵੀ ਲੜਦੇ। ਕੋਈ ਸੰਗਠਿਤ ਕੇਂਦਰੀ ਸੱਤਾ ਨਾ ਹੋਣ ਕਰਕੇ, ਇਹਨਾਂ ਜੱਥਿਆਂ ਨੇ ਛੋਟੇ ਛੋਟੇ ਖੇਤਰਾਂ ਵਿੱਚ ਆਪਣੀ ਸਰਦਾਰੀ ਕਾਇਮ ਕਰ ਲਈ ਸੀ। ਜੱਥੇ ਦੇ ਮੁਖੀ ਨੂੰ ਜੱਥੇਦਾਰ ਅਤੇ ਇਹਨਾਂ ਨੂੰ ਮਿਸਲਾਂ ਕਿਹਾ ਜਾਂਦਾ ਹੈ। ਮਿਸਲਾਂ ਅਸਲ ਵਿੱਚ ਛੋਟੀਆਂ-ਛੋਟੀਆਂ ਜਗੀਰੂ ਰਿਆਸਤਾਂ ਸਨ। ਇਹ ਸਿੱਖ ਲਹਿਰ ਦੇ ਬੁਨਿਆਦੀ ਆਸ਼ੇ-ਮਨੋਰਥ ਦੇ ਬਿਲਕੁਲ ਮੁਖਾਲਿਫ ਸੀ। ਇਹ ਸਿੱਖ ਲਹਿਰ ਦੇ ਤੱਤ ਦੇ ਪਤਨ ਦਾ ਦੌਰ ਸੀ। ਇਹ ਦੌਰ ਮਿਸਲਾਂ ਦਾ ਜਗੀਰੂ ਰਿਆਸਤਾਂ ਦਾ ਦੌਰ ਸੀ ਅਤੇ ਰਣਜੀਤ ਸਿੰਘ ਨੇ ਬਲ-ਛਲ ਵਰਤ ਕੇ ਜਗੀਰੂ ਰਾਜ ਸਥਾਪਿਤ ਕੀਤਾ। ਇਹ ਸਿੱਖ ਲਹਿਰ ਦਾ ਪਤਨ ਸੀ।

ਰਣਜੀਤ ਸਿੰਘ ਨੇ ਸਰਬੱਤ-ਖਾਲਸਾ ਤੇ ਗੁਰਮਤੇ ਦੀ ਜਮਹੂਰੀ ਪਿਰਤ ਨੂੰ ਖਤਮ ਕਰ ਦਿੱਤਾ। ਥਾਂ-ਥਾਂ ਗੁਰਦੁਆਰੇ ਬਣਾ ਕੇ, ਉਹਨਾਂ ਦੇ ਨਾਮ ਜਗੀਰਾਂ ਲੁਆ ਕੇ ਅਤੇ ਗੁਰਦੁਆਰਿਆਂ ਵਿੱਚ ਪੁਜਾਰੀ ਨਿਯੁਕਤ ਕਰਕੇ ਸਿੱਖ ਸੰਸਥਾਵਾਂ ਦਾ ਬ੍ਰਾਹਮਣੀਕਰਨ ਕਰ ਦਿੱਤਾ। ਇਸ ਰਾਜ ਦਾ ਪ੍ਰਵਚਨ ਹੀ ਸਿੱਖ ਇਤਿਹਾਸ ਦਾ ਪ੍ਰਵਚਨ ਬਣ ਗਿਆ। ਬੰਦਾ ਸਿੰਘ ਬਹਾਦੁਰ ਦੇ ਇਤਿਹਾਸ 'ਚ ਸ਼ਾਨਾਮੱਤੇ ਰੋਲ ਨੂੰ ਧੁੰਦਲਾ ਕਰਕੇ, ਵਿਗਾੜ ਕੇ ਪੇਸ਼ ਕਰਨਾ ਇਸਦੀ ਅਣਸਰਦੀ ਲੋੜ ਸੀ।

ਇਹ ਤਾਂ ਸੀ ਉਹ ਪ੍ਰਕਿਰਿਆ ਜਿਸ ਰਾਹੀਂ ਇਤਿਹਾਸ ਦਾ ਇਹ ਚੱਕਰ ਚੱਲਿਆ ਪਰ ਬੁਨਿਆਦੀ ਗੱਲ ਹੈ ਕਿ ਸਿੱਖ ਲਹਿਰ ਆਪਣੇ ਦੌਰ ਦੀਆਂ ਇਤਿਹਾਸਕ ਪ੍ਰਸਥਿਤੀਆਂ ਦੀ ਸੀਮਾ ਰੇਖਾ ਨਹੀਂ ਉਲੰਘ ਸਕਦੀ ਸੀ। ਇਸ ਸੀਮਾ ਦੇ ਬਾਵਜੂਦ ਸਿੱਖ ਲਹਿਰ ਇੱਕ ਸ਼ਾਨਾਮੱਤਾ ਇਤਿਹਾਸ ਅਤੇ ਬੰਦਾ ਸਿੰਘ ਬਹਾਦੁਰ ਦੀ ਇਸਦੇ ਨਾਇਕਾਂ ਵਿੱਚ ਆਪਣੀ ਨਿਵੇਕਲੀ ਥਾਂ ਹੈ।

## ਸਹਾਇਤਾ

ਇਨਕਲਾਬੀ ਜਮਹੂਰੀ ਲਹਿਰ ਦੇ ਹਮਦਰਦ ਰਹੇ ਮਰਹੂਮ ਸਾਥੀ ਦੁਆਰਕਾ ਦਾਸ ਵਿਰਲੀ (ਲੱਖਣ ਕੇ ਪੱਡਾ, ਕਪੂਰਥਲਾ) ਦੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ ਅਦਾਰਾ ਇਨਕਲਾਬੀ ਸਾਡਾ ਰਾਹ ਨੂੰ 1100 ਰੁ. ਸਹਾਇਤਾ ਭੇਜੀ ਜਾਂਦੀ ਹੈ। ਅਦਾਰਾ ਪਰਿਵਾਰ ਦਾ ਸਹਾਇਤਾ ਲਈ ਧੰਨਵਾਦੀ ਹੈ।

# ਕੱਖਾਂ ਦੀ ਪੰਡ ਦਾ ਸਵੈਮਾਨ ਅੱਜ ਦਿੱਲੀ ਵਿੱਚ ਬੈਠੇ ਕੌਂਡੇ ਰਾਖਸ਼ ਕੁਚਲ ਰਹੇ ਨੇ

ਯੂਪੀ ਵਿੱਚ ਪਹਿਲਾਂ ਵਾਪਰ ਰਹੀਆਂ ਘਟਨਾਵਾਂ ਵਿੱਚ ਹਾਥਰਸ ਵਿੱਚ 19 ਸਾਲਾ ਦਲਿਤ ਲੜਕੀ ਨਾਲ ਬਲਾਤਕਾਰ ਦੀ ਘਟਨਾ ਹੋਰ ਜੁੜ ਗਈ। ਉਂਝ ਤਾਂ ਇਹ ਵੀ ਸ਼ਾਇਦ ਚੁੱਪ-ਚੁਪੀਤੇ ਨਿਕਲ ਜਾਣੀ ਸੀ ਪ੍ਰੰਤੂ ਕੁਝ ਲੋਕਾਂ ਵੱਲੋਂ ਇਸਤੇ ਰੌਲਾ ਪਾਉਣ ਕਾਰਨ ਤੇ ਪਰਿਵਾਰ ਵੱਲੋਂ ਸਟੈਂਡ ਲੈਣ ਕਾਰਨ ਇਹ ਚਰਚਾ ਵਿੱਚ ਆ ਗਈ। ਯੋਗੀ ਸਰਕਾਰ ਵੱਲੋਂ ਰਾਤ ਨੂੰ ਚੋਰੀ ਛਿਪੇ ਮ੍ਰਿਤਕ ਪੀੜਤ ਲੜਕੀ ਨੂੰ ਜਲਾਉਣ ਤੋਂ ਬਾਅਦ ਇਹ ਚੰਗਿਆੜੀ ਦੇਸ਼ ਭਰ ਵਿੱਚ ਫੈਲ ਗਈ। ਸੋਸ਼ਲ ਮੀਡੀਏ ਨੇ ਇਸ ਵਿੱਚ ਵਧੇਰੇ ਭੂਮਿਕਾ ਨਿਭਾਈ। ਯੋਗੀ ਸਰਕਾਰ ਵੱਲੋਂ ਬੇਤੁਕੇ ਬਿਆਨ ਆਉਣੇ ਸ਼ੁਰੂ ਹੋ ਗਏ। ਕਦੇ ਜਾਮੀਆ ਯੂਨੀਵਰਸਿਟੀ ਵੱਲੋਂ ਘੜੀ ਸਾਜਿਸ਼, ਕਦੇ ਵਿਦੇਸ਼ੀ ਤਾਕਤਾਂ ਵੱਲੋਂ ਘੜੀ ਸਾਜਿਸ਼ ਕਿਹਾ ਗਿਆ। ਫਿਰ ਜਾਤੀ ਹਿੰਸਾ ਭੜਕਾਉਣ ਦੀ ਕੋਸ਼ਿਸ਼ ਕੀਤੀ। ਵਿਰੋਧੀ ਪਾਰਟੀਆਂ ਵੱਲੋਂ ਇਸਦਾ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਗਈ। ਹਾਥਰਸ ਵਿੱਚ ਦਫ਼ਾ 144 ਲਗਾ ਦਿੱਤੀ। ਪਰਿਵਾਰ ਨੂੰ ਮਿਲਣ ਵਾਲਿਆਂ ’ਤੇ ਪਰਚੇ ਕੀਤੇ ਗਏ। ਹਾਈਕੋਰਟ ਵੱਲੋਂ ਸੂ ਮੋਟੋ ਨੋਟਿਸ ਲੈਂਦੇ ਹੋਏ ਸੀ.ਬੀ.ਆਈ. ਜਾਂਚ ਕਰਾਉਣ ਦਾ ਫੈਸਲਾ ਦੇ ਦਿੱਤਾ। ਅਸਲ ਵਿੱਚ ਪਰਿਵਾਰ ਨੂੰ, ਜਿਹਨਾਂ ਦੀ ਕੁੜੀ ਪਹਿਲਾਂ ਔਰਤ, ਦੂਸਰਾ ਦਲਿਤ, ਤੀਸਰਾ ਗਰੀਬ ਤੇ ਚੌਥਾ ਪੇਂਡੂ ਹੈ, ਇਨਸਾਫ ਲੈਣਾ ਬਹੁਤ ਮਹਿੰਗਾ ਤੇ ਔਖਾ ਸਾਬਿਤ ਹੋ ਰਿਹਾ ਹੈ। ਇਸਦੀ ਜੜ੍ਹ ਕਿੱਥੇ ਹੈ ਆਓ ਜਾਣੀਏ।

ਜ਼ਿਲ੍ਹਾ ਹਾਥਰਸ ਦਾ ਪਿੰਡ ਬੁੱਲਗੜ੍ਹੀ ਜਿੱਥੇ ਇਹ ਘਟਨਾ ਵਾਪਰੀ ਹੈ, ਉਥੇ ਦਲਿਤਾਂ ਦੇ ਕੇਵਲ 4-5 ਘਰ ਹਨ। ਇੱਥੇ ਭਾਰੂ ਜਾਤੀ ਠਾਕੁਰ ਹਨ। ਪਿੰਡ ਛੋਟਾ ਹੈ ਤੇ ਕੁੱਲ ਘਰਾਂ ਦੀ ਗਿਣਤੀ 66 ਹੈ। ਇੱਥੇ ਕੁੜੀਆਂ ਨੂੰ ਪਹਿਲਾਂ ਵੀ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਸੀ, ਇਸੇ ਕਰਕੇ ਖਾਸ ਕਰ ਦਲਿਤਾਂ ਦੀਆਂ ਕੁੜੀਆਂ ਘਰਾਂ ਵਿੱਚੋਂ ਇਕੱਲੀਆਂ ਬਾਹਰ ਨਹੀਂ ਨਿਕਲਦੀਆਂ। ਇਹ 19 ਸਾਲਾ ਦਲਿਤ ਕੁੜੀ ਆਪਣੇ ਘਰ ਦੇ ਕੰਮ ਕਾਰ ਤੇ ਪਸ਼ੂਆਂ ਦੇ ਕੰਮ ਕਾਰ ਨਿਪਟਾ ਕੇ ਆਪਣੇ ਭਰਾ ਤੇ ਮਾਤਾ ਨਾਲ ਖੇਤਾਂ ਵਿੱਚ ਘਾਹ ਲੈਣ ਨਿਕਲ ਜਾਂਦੀ ਹੈ। ਘਾਹ ਦੀ ਤਲਾਸ਼ ਕਰਦੇ ਕਰਦੇ ਤਿੰਨੋ ਵੱਖਰੇ-ਵੱਖਰੇ ਹੋ ਜਾਂਦੇ ਹਨ। ਥੋੜੇ ਸਮੇਂ ਮਗਰੋਂ ਮਾਂ ਨੇ ਲੜਕੀ ਨੂੰ ਦੇਖਿਆ ਤਾਂ ਉਹ ਦਿਸੀ ਨਹੀਂ, ਅਚਾਨਕ ਉਸਨੂੰ ਆਪਣੀ ਲੜਕੀ ਦੀ ਚੱਪਲ ਪਹੇ ਉੱਪਰ ਉਲਟੇ ਰੁਖ਼ ਪਈ ਦਿਸ ਪਈ ਤਾਂ ਉਧਰ ਆਪਣੀ ਧੀ ਨੂੰ ਭਾਲਿਆ। ਉਹ ਪੂਰਨ ਨਗਨ ਅਵਸਥਾ ਵਿੱਚ ਸੀ। ਉਸਦੀ ਗਰਦਨ ਦੀ ਹੱਡੀ ਟੁੱਟੀ ਹੋਈ ਸੀ ਤੇ ਬੁਰੀ ਤਰ੍ਹਾਂ ਜ਼ਖ਼ਮੀ ਸੀ। ਉਸਨੂੰ ਪਹਿਲਾਂ ਘਰੇ ਲਿਆਂਦਾ ਫਿਰ ਮੋਟਰ ਸਾਈਕਲ ’ਤੇ ਪਿੰਡ ਵਿੱਚ ਹਸਪਤਾਲ ਨਾ ਹੋਣ ਕਾਰਨ ਨੇੜਲੇ ਕਸਬੇ ਦੇ ਪੁਲੀਸ ਸਟੇਸ਼ਨ ਲੈ ਗਏ। ਉਥੇ ਕੁੜੀ ਨੂੰ ਇੱਕ ਥੜੇ ’ਤੇ ਲਿਟਾਇਆ ਗਿਆ। ਪੁਲੀਸ ਵੱਲੋਂ ਕੋਈ ਐਂਬੂਲੈਂਸ ਦਾ ਪ੍ਰਬੰਧ ਕਰਨ ਦੀ ਥਾਂ ਇੱਕ ਟੈਂਪ ਵਿੱਚ ਪਾ ਕੇ ਉਥੇ ਦੇ ਸੀ.ਐਚ.ਸੀ. (ਕਮਿਊਨਿਟੀ ਹੈਲਥ ਸੈਂਟਰ) ਵਿੱਚ ਲਿਜਾਣ ਲਈ ਕਿਹਾ। ਬਿਨਾਂ ਕੋਈ ਬਹੁਤੀ ਮੁੱਢਲੀ ਸਹਾਇਤਾ ਉਸਨੂੰ ਅਲੀਗੜ੍ਹ ਮੈਡੀਕਲ ਹਸਪਤਾਲ ਵਿੱਚ ਭੇਜ ਦਿੱਤਾ ਗਿਆ। ਸਵੇਰੇ 9.30 ਵਜੇ ਤੋਂ ਬਾਅਦ ਕੁੜੀ ਨੂੰ ਡਾਕਟਰੀ ਸਹਾਇਤਾ ਸ਼ਾਮ 4 ਵਜੇ ਜਾ ਕੇ ਮਿਲਦੀ ਹੈ। ਜ਼ਖ਼ਮੀ ਹਾਲਤ ਵਿੱਚ ਉਹ ਇੱਕ ਥਾਂ ਤੋਂ ਦੂਜੀ ਥਾਂ ਭਟਕਦੀ ਫਿਰਦੀ ਹੈ ਤੇ ਕਿਸੇ ਦੀ ਸੰਵੇਦਨਾ ਨਹੀਂ ਜਾਗਦੀ। ਅਲੀਗੜ੍ਹ ਵਿੱਚ ਹੀ ਉਸਦੇ ਪਰਿਵਾਰ ‘ਤੇ ਸਮਝੌਤੇ ਦਾ ਦਬਾਅ ਤੇ ਪੈਸਿਆਂ ਦੀ ਪੇਸ਼ਕਸ਼ ਹੋਣੀ ਸ਼ੁਰੂ ਹੋ ਗਈ। ਉਸਨੂੰ ਦਿੱਲੀ ਦੇ ਹਸਪਤਾਲ ਭੇਜ ਦਿੱਤਾ ਗਿਆ। ਮੁੱਢਲੇ ਟੈਸਟ ਕੀਤੇ ਗਏ ਤੇ ਕਿਹਾ ਗਿਆ ਕਿ ਵੀਰਜ ਨਹੀਂ ਮਿਲਿਅ ਤੇ ਬਲਾਤਕਾਰ ਨਹੀਂ ਹੋਇਆ। ਕੁੜੀ ਦੇ ਪਰਿਵਾਰ ਵੱਲੋਂ ਕੋਰਟ ਰਾਹੀਂ ਕੁੜੀ ਦਾ ‘ਮੌਤ ਦੇ ਬਿਸਤਰੇ ਦਾ ਬਿਆਨ’ ਲਿਆ ਜਾਂਦਾ। ਜਿਸ ਵਿੱਚ ਕੁੜੀ ਨੇ ਕਿਹਾ ਕਿ ਉਸ ਨਾਲ ਬਲਾਤਕਾਰ ਹੋਇਆ ਤੇ ਚਾਰੋਂ ਦੋਸ਼ੀਆਂ ਦੇ ਨਾਮ ਵੀ ਲੈਂਦੀ ਹੈ। 29 ਸਤੰਬਰ ਨੂੰ ਮਤਲਬ 15 ਦਿਨ ਬਾਅਦ ਉਸਦੀ ਮੌਤ ਹੋ ਜਾਂਦੀ ਹੈ। ਗੱਲ ਚਰਚਾ ਵਿੱਚ ਆਉਣ ਦੇ ਡਰੋਂ ਯੂਪੀ ਪੁਲੀਸ ਵੱਲੋਂ ਬਿਨਾਂ ਕਿਸੇ ਰਸਮਾਂ ਰਿਵਾਜਾਂ ਦੇ ਕੁੜੀ ਨੂੰ ਰਾਤ ਨੂੰ ਲਗਭਗ 2 ਤੋਂ 3 ਵਜੇ ਦਰਮਿਆਨ ਫੂਕ ਦਿੱਤਾ ਜਾਂਦਾ ਹੈ। ਕਿਸੇ ਨੂੰ ਵੀ ਸਸਕਾਰ ਵਿੱਚ ਸ਼ਾਮਿਲ ਨਹੀਂ ਹੋਣ ਦਿੱਤਾ ਜਾਂਦਾ। ਕੁੜੀ ਦੇ ਘਰਦਿਆਂ ਨੂੰ ਘਰ ਵਿੱਚ ਹੀ ਬੰਦ ਕਰਕੇ ਵੱਡੀ ਗਿਣਤੀ ਵਿੱਚ ਪੁਲੀਸ ਲਗਾ ਦਿੱਤੀ ਜਾਂਦੀ ਹੈ। ਹਾਥਰਸ ਦਾ ਡੀ.ਸੀ. ਕੁੜੀ ਦੇ ਘਰ ਬੈਠ ਜਾਂਦਾ ਹੈ। ਕੁੜੀ ਦੇ ਪਰਿਵਾਰ ਨੂੰ ਖਰੀਦਣ ਦੀ, ਡਰਾਉਣ ਦੀ, ਧਮਕਾਉਣ ਦੀ ਕੋਸ਼ਿਸ਼ ਕਰਦਾ ਹੈ। ਹਾਈਕੋਰਟ ਵੱਲੋਂ ਸੂ ਮੋਟੋ ਲੈਣ ਤੋਂ ਬਾਅਦ ਹਾਈਕੋਰਟ ਦੇ ਜੱਜ ਦੀ ਨਿਗਰਾਨੀ ਹੇਠ ਸੀ.ਬੀ.ਆਈ. ਜਾਂਚ ਸ਼ੁਰੂ ਹੁੰਦੀ ਹੈ।

ਆਰ.ਐਸ.ਐਸ.-ਭਾਜਪਾ ਦੇ ਹਾਕਮਾਂ ਵੱਲੋਂ ਆਪਣੇ ਲਾਮ-ਲਸ਼ਕਰ ਨਾਲ ਕੁੜੀ ਦੇ ਖਿਲਾਫ਼ ਪ੍ਰਚਾਰ ਸ਼ੁਰੂ ਕੀਤਾ ਜਾਂਦਾ ਹੈ ਕਿ ਬਲਾਤਕਾਰ ਤਾਂ ਹੋਇਆ ਹੀ ਨਹੀਂ, ਐਵੇਂ ਇਹ ਝੂਠ ਫੈਲਾਇਆ ਜਾ ਰਿਹਾ ਹੈ। ਇਹ ਇੱਕ ਅੰਤਰਰਾਸ਼ਟਰੀ

ਸਾਜਿਸ਼ ਹੈ। ਯੋਗੀ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਕਦੇ ਕਿਹਾ ਗਿਆ ਕਿ ਇਹ ਜਾਮੀਆ ਯੂਨੀਵਰਸਿਟੀ ਵਿੱਚ ਬਣੀ ਸਾਜਿਸ਼ ਹੈ। ਵੱਖਰੇ-ਵੱਖਰੇ ਲੋਕਾਂ 'ਤੇ ਪਰਚੇ ਕੀਤੇ ਗਏ, ਕੁੜੀ ਦੇ ਪਰਿਵਾਰ ਨੂੰ ਮਿਲਣ ਜਾ ਰਹੇ ਰਾਹੁਲ ਗਾਂਧੀ, ਸੰਜੇ ਸਿੰਘ, ਚੰਦਰ ਸ਼ੇਖਰ ਅਤੇ ਹੋਰ ਲੋਕਾਂ ਨੂੰ ਰੋਕਿਆ ਗਿਆ। ਦੰਗੇ ਕਰਵਾਉਣ ਦੇ ਝੂਠੇ ਪਰਚੇ ਕੀਤੇ ਗਏ। ਭਾਜਪਾ ਦੇ ਆਈ.ਟੀ. ਸੈੱਲ ਵੱਲੋਂ ਕੁੜੀ ਦੀ ਥਾਣੇ ਦੇ ਮੂਹਰੇ ਥੜੇ 'ਤੇ ਪਈ ਦੀ ਵੀਡੀਓ ਜਾਰੀ ਕੀਤੀ ਗਈ ਜਿਸ ਵਿੱਚ ਕੁੜੀ ਕਹਿ ਰਹੀ ਹੈ ਕਿ ਉਸਨੇ ਬਲਾਤਕਾਰ ਹੋਣ ਨਹੀਂ ਦਿੱਤਾ। ਕੁੜੀ ਦੀ ਮੁੰਡਿਆਂ ਨਾਲ ਪਹਿਲਾਂ ਗੱਲਬਾਤ ਹੋਣ ਦੀ ਗੱਲ ਪ੍ਰਚਾਰੀ ਗਈ। ਜਦੋਂ ਇਹ ਸੂਤ ਨਾ ਬੈਠੀ ਤਾਂ ਉਸਦੀ ਭਾਬੀ 'ਤੇ ਇਲਜ਼ਾਮ ਲਾਏ ਗਏ ਕਿ ਉਸਦੀ ਗੱਲਬਾਤ ਸੀ। ਐਫ.ਐਸ.ਐਲ. ਰਿਪੋਰਟ ਵਿੱਚ ਵੀਰਜ਼ ਨਹੀਂ ਮਿਲਿਆ, ਇਸ ਲਈ ਪੁਲੀਸ ਨੇ ਵੀ ਬਲਾਤਕਾਰ ਝੂਠਾ ਹੋਣ ਦੇ ਇਲਜ਼ਾਮ ਲਾਏ। ਅਖੀਰ ਮੋਦੀ ਦੇ ਕਹੇ 'ਤੇ ਪੁਲੀਸ ਪਰਚਾ ਦਰਜ ਕਰਦੀ ਹੈ, ਜਦਕਿ ਇਹ ਸਾਰਾ ਪ੍ਰਚਾਰ ਝੂਠਾ ਸੀ। ਪਹਿਲਾਂ ਇਹ ਕਿ ਐਫ.ਸੀ.ਐਲ. ਦੀ ਰਿਪੋਰਟ ਲਈ ਜਿਹੜੇ ਸੈਂਪਲ ਲਏ ਗਏ ਉਹ ਅੱਠ ਦਿਨ ਬਾਅਦ ਲਏ ਗਏ ਜਦਕਿ ਵੀਰਜ ਦੀ ਸਾਰੀ ਰਿਪੋਰਟ 72 ਤੋਂ 90 ਘੰਟੇ ਵਿੱਚ ਹੀ ਆ ਸਕਦੀ ਹੈ।ਸੁਪਰੀਮ ਕੋਰਟ ਦੇ 2014 ਦੇ ਫੈਸਲੇ ਮੁਤਾਬਿਕ ਬਲਾਤਕਾਰ ਸਿੱਧ ਹੋਣ ਲਈ ਵੀਰਜ ਦਾ ਹੋਣਾ ਜ਼ਰੂਰੀ ਨਹੀਂ। ਇਹ ਵੀ ਜ਼ਰੂਰੀ ਨਹੀਂ ਕਿ ਲਿੰਗ ਪੂਰਾ ਅੰਦਰ ਗਿਆ ਜਾਂ ਨਹੀਂ। ਸੰਭੋਗ ਪੂਰਾ ਹੋਇਆ ਜਾਂ ਨਹੀਂ। ਮੁੱਢਲੀ ਜਾਂਚ ਰਿਪੋਰਟ ਵਿੱਚ ਡਾਕਟਰ ਕਹਿ ਰਹੇ ਹਨ ਕਿ ਬਲਾਤਕਾਰ ਹੋਇਆ ਹੈ। ਮੌਤ ਦੇ ਬਿਸਤਰੇ ਦਾ ਬਿਆਨ ਵਿੱਚ ਕੁੜੀ ਨੇ ਮੰਨਿਆ ਤੇ ਚਾਰੋਂ ਦੋਸ਼ੀਆਂ ਦੇ ਨਾਮ ਲਿਖਾਏ। ਇਹ ਸਬੂਤ ਕਾਫੀ ਨਹੀਂ? ਭਾਜਪਾ ਵੱਲੋਂ ਸੋਸ਼ਲ ਮੀਡੀਆ 'ਤੇ ਕੁੜੀ ਦੀ ਪਾਈ ਗਈ ਵੀਡੀਓ 'ਤੇ ਦੋਸ਼ੀਆਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ ਜਦਕਿ ਕੁੜੀ ਦੀ ਜਾਣਕਾਰੀ ਜਨਤਕ ਕਰਨ ਖਿਲਾਫ਼ ਪਰਚ ਬਣਦਾ ਹੈ। ਫਿਰ ਜੋ ਉਸ ਵੀਡੀਓ ਵਿੱਚ ਕਹਿ ਰਹੇ ਹਨ ਕਿ ਬਲਾਤਕਾਰ ਵਰਗੀ ਕੋਈ ਗੱਲ ਹੀ ਨਹੀਂ ਪ੍ਰੰਤੂ ਉਸਦੀ ਵੀਡੀਓ ਵਿੱਚ ਕੁੜੀ ਬਲਾਤਕਾਰ ਦੀ ਕੋਸ਼ਿਸ਼ ਬਾਰੇ ਸ਼ਰੇਆਮ ਕਹਿ ਰਹੀ ਹੈ। ਕਿਸਨੂੰ ਨਹੀਂ ਪਤਾ ਕਿ ਜਦੋਂ ਕੇਂਦਰ ਤੱਕ ਇਸ ਕੇਸ ਵਿੱਚ ਦਿਲਚਸਪੀ ਲੈ ਰਿਹਾ ਹੈ ਤਾਂ ਲੈਬ ਦੀ ਜਾਂਚ ਪ੍ਰਭਾਵਿਤ ਨਹੀਂ ਹੋ ਸਕਦੀ। ਉਂਝ ਵੀ ਸੁਪਰੀਮ ਕੋਰਟ ਵਿੱਚ ਰਿਪੋਰਟ ਮੁਤਾਬਿਕ ਯੂਪੀ ਵਿੱਚ ਲੈਬਾਂ ਵਿੱਚ 74% ਪਦ ਖਾਲੀ ਹਨ, ਲੈਬਾਂ ਘੱਟ ਹਨ, ਦੋਸ਼ੀ ਸ਼ਰੇਆਮ ਬਰੀ ਹੋ ਜਾਂਦੇ ਹਨ। ਕਾਨੂੰਨ ਬਣਿਆ ਹੈ ਕਿ 12 ਸਾਲਾਂ ਤੋਂ ਘੱਟ ਉਮਰ ਦੀ ਕੁੜੀ ਨਾਲ ਬਲਾਤਕਾਰ ਤੇ ਫਾਂਸੀ ਦੀ ਸਜ਼ਾ ਹੈ ਤੇ ਕਿੰਨਿਆਂ ਕੁ ਨੂੰ ਹੁਣ ਤੱਕ ਫਾਂਸੀ ਹੋ ਗਈ ਹੈ? ਫਾਸਟ ਟਰੈਕ ਨਾਮ ਦੇ ਹੀ ਹਨ। ਜਿਸ ਸੂਬੇ ਵਿੱਚ ਕੁਲਦੀਪ ਸੇਂਗਰ, ਸਵਾਮੀ ਚਿਨਮਯਾਨੰਦ, ਸਾਖਸ਼ੀ ਮਹਾਰਾਜ ਵਰਗੇ ਲੰਡਰ ਬੰਦੇ ਮੌਜਾਂ ਕਰਦੇ ਹੋਣ, ਉਥੇ ਇਨਸਾਫ ਕਿੱਥੇ? ਕੁੜੀ ਨਾਲ ਗੱਲਬਾਤ ਦੀ ਗੱਲ ਇਸ ਕਰਕੇ ਝੂਠੀ ਸਾਬਿਤ ਹੋਈ ਕਿ ਕੁੜੀ ਕੋਲ ਫੋਨ ਹੀ ਨਹੀਂ ਸੀ। ਫਿਰ ਜੋ ਭਾਬੀ ਦੀ ਗੱਲ ਕੀਤੀ ਗਈ ਕਿ ਭਾਈ ਕੋਲ ਫੋਨ ਸੀ, ਉਸਦੀ ਗੱਲਬਾਤ ਸੀ, ਉਸਦਾ ਕੁੜੀ ਨਾਲ ਕੀ ਸਬੰਧ? ਜੇਕਰ ਗੱਲਬਾਤ ਸੀ ਵੀ ਤਾਂ ਕੀ 4 ਜਣਿਆਂ ਵੱਲੋਂ ਕੀਤਾ ਬਲਾਤਕਾਰ ਸਹੀ ਹੋ ਜਾਂਦਾ ਹੈ? ਭਾਜਪਾ ਦੇ ਦਲਿਤ ਐਮ.ਪੀ. ਵੱਲੋਂ ਅਲੀਗੜ੍ਹ ਹਸਪਤਾਲ ਵਿੱਚੋਂ ਛੁੱਟੀ ਲੈਣ ਲਈ ਦਬਾਅ ਪਾਉਣਾ, ਪੈਸੇ ਦੀ ਪੇਸ਼ਕਸ਼ ਕਰਨਾ, ਵਿਰੋਧੀਆਂ ਨੂੰ ਮਿਲਣ ਜਾਣਾ ਕਿਸ ਗੱਲ ਵੱਲ ਇਸ਼ਾਰਾ ਕਰਦਾ ਹੈ। ਪੱਤਰਕਾਰਾਂ ਨੂੰ ਜਾਣ ਤੋਂ ਰੋਕਣਾ, ਪੁਲੀਸ ਲਗਾਉਣਾ, ਲੋਕਾਂ ਨੂੰ ਮਿਲਣ ਤੋਂ ਰੋਕਣ ਦਾ ਮਤਲਬ ਸਰਕਾਰ ਗੱਲ ਨੂੰ ਖਤਮ ਕਰਨਾ ਚਾਹੁੰਦੀ ਸੀ ਤੇ ਉਚ ਜਾਤੀ ਮਰਦਾਂ ਨਾਲ ਜ਼ੋਰਦਾਰ ਢੰਗ ਨਾਲ ਖੜੀ ਹੀ ਨਹੀਂ, ਉਹਨਾਂ ਨੂੰ ਬਚਾਉਣਾ ਚਾਹੁੰਦੀ ਸੀ। ਕਰੋਨਾ ਦਾ ਬਹਾਨਾ ਲੈ ਕੇ ਜਿਹੜੇ ਧਰਨੇ-ਮੁਜਾਹਰਿਆਂ 'ਤੇ ਪਾਬੰਦੀ ਲਾਈ ਹੋਈ ਸੀ, ਉਹ ਹੁਣ ਹੋ ਰਹੇ ਸੀ। ਉਹ ਜਦੋਂ ਨਹੀਂ ਰੁਕੇ ਤਾਂ ਉਹਨਾਂ ਖਿਲਾਫ਼ ਜਾਤੀ ਹਿੰਸਾ ਭੜਕਾਉਣ ਦੀ ਕੋਸ਼ਿਸ਼ ਕੀਤੀ। ਠਾਕੁਰਾਂ ਵੱਲੋਂ ਜਾਤੀ ਪੱਧਰ 'ਤੇ ਪੰਚਾਇਤ ਬੁਲਾਈ ਗਈ, ਜਿਹੜੀ ਅਸਲ ਵਿੱਚ ਹਾਕਮਾਂ ਵੱਲੋਂ ਸੀ। ਚੰਦਰ ਸ਼ੇਖਰ ਰਾਵਣ ਨੂੰ ਸ਼ਰੇਆਮ ਸੋਸ਼ਲ ਮੀਡੀਆ 'ਤੇ ਧਮਕੀਆਂ ਦਿੱਤੀਆਂ ਗਈਆਂ। ਜਾਤੀ ਗਾਲਾਂ ਕੱਢੀਆਂ ਗਈਆਂ। ਪਿੰਡ ਵਿੱਚ ਵੜਨ ਤੇ ਮਾਰਨ ਲਈ ਕਿਹਾ ਗਿਆ।

ਇਹ ਸਾਰਾ ਕੁਝ ਐਵੇਂ ਹੀ ਨਹੀਂ ਵਾਪਰ ਰਿਹਾ। ਸਾਰਾ ਕੁਝ ਮੋਦੀ ਤੇ ਯੋਗੀ ਦੇ ਰਾਜ ਵਿੱਚ ਸੰਭਵ ਹੈ। ਸੰਭਵ ਹੀ ਨਹੀਂ, ਹੋਰ ਤੇਜ਼ ਵੀ ਹੋਵੇਗਾ ਕਿਉਂਕਿ ਇਹ ਇੱਕ ਐਹੋ ਜਿਹੀ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਹਨ ਜਿੱਥੇ —

ਢੋਰ, ਸ਼ੂਦਰ, ਪਸ਼ੂ ਤੇ ਨਾਰੀ
ਚਾਰੋਂ ਤਾੜਨ ਕੇ ਅਧਿਕਾਰੀ

ਦੀ ਵਿਚਾਰਧਾਰਾ ਨੂੰ ਮਾਨਤਾ ਹੈ। ਭਾਰਤ ਵਿੱਚ ਮੁੜ ਮਨੂੰ ਦੇ ਰਾਜ ਨੂੰ ਲਾਗੂ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਔਰਤ ਤੇ ਦਲਿਤ ਸਭ ਤੋਂ ਹੇਠਲੇ ਡੰਡੇ 'ਤੇ ਹਨ। ਸ਼ੂਦਰਾਂ ਦੇ ਕੰਨਾਂ ਵਿੱਚ ਸਿੱਕਾ ਐਵੈਂ ਢਾਲ ਕੇ ਨਹੀਂ ਪਾਇਆ ਜਾਂਦਾ ਸੀ, ਉਹ ਇਸ ਕਾਰਨ ਸੀ ਕਿ ਉਹ ਪੜ੍ਹ ਕੇ ਇਹ ਸਭ ਨਾ ਜਾਣ ਸਕਣ। ਮਨੂੰ ਸਿਮਰਤੀ ਦੇ ਪੰਜਵੇਂ ਤੇ ਨੌਵੇਂ ਅਧਿਆਇ

ਵਿੱਚ ਔਰਤ ਬਾਰੇ ਜੋ ਚਰਚਾ ਕੀਤੀ ਗਈ ਹੈ, ਉਸਤੋਂ ਮੋਦੀ ਤੇ ਯੋਗੀ ਦੀ ਨੀਯਤ ਵੀ ਸਪੱਸ਼ਟ ਹੋ ਜਾਂਦੀ ਹੈ। ਅਧਿਆਏ 5 ਦੇ ਪੰਨਾ 148 ਵਿੱਚ ਔਰਤ ਨੂੰ ਆਜ਼ਾਦ ਹਸਤੀ ਨਹੀਂ ਮੰਨਿਆ ਗਿਆ, ਉਸਦੀ ਪਹਿਚਾਣ ਪਿਤਾ, ਪਤੀ ਤੇ ਪੁੱਤਰ ਨਾਲ ਹੈ। ਔਰਤ ਨੂੰ ਬਚਪਨ, ਜਵਾਨੀ ਤੇ ਬੁਢਾਪੇ ਵਿੱਚ ਮਨਮਰਜ਼ੀ ਕਰਨ ਦਾ ਕੋਈ ਅਧਿਕਾਰ ਨਹੀਂ। ਅਧਿਆਇ 5 ਤੇ ਪੰਨਾ 154 ਵਿੱਚ ਕਿਹਾ ਗਿਆ ਹੈ ਕਿ ਜੇਕਰ ਪਤੀ ਦੁਰਾਚਾਰੀ ਤੇ ਮੂਰਖ ਹੈ ਤਾਂ ਵੀ ਪਤਨੀ ਨੂੰ ਉਹਨਾਂ ਦੀ ਸੇਵਾ ਕਰਨੀ ਚਾਹੀਦੀ ਹੈ। ਕੰਨਿਆ ਦੀ ਸ਼ਾਦੀ ਦਕਸ਼ ਰਿਸ਼ੀ ਵੱਲੋਂ ਤਾਂ 8 ਸਾਲ ਮਿੱਥੀ ਗਈ ਸੀ। ਜਦੋਂਕਿ ਅਜੇ ਕੁੜੀ ਬਾਲਗ ਤਾਂ ਬਚਪਨ ਵਿੱਚੋਂ ਵੀ ਨਹੀਂ ਨਿਕਲੀ ਹੁੰਦੀ ਪ੍ਰੰਤੂ ਮਨੂੰ ਸਿਮਰਤੀ ਦੇ ਨੌਵੇਂ ਅਧਿਆਇ ਦੇ 88ਵੇਂ ਭਾਗ ਵਿੱਚ ਕਿਹਾ ਗਿਆ ਹੈ ਕਿ ਕੰਨਿਆ ਦੀ ਸ਼ਾਦੀ ਇਸਤੋਂ ਵੀ ਪਹਿਲਾਂ ਕੀਤੀ ਜਾ ਸਕਦੀ ਹੈ। ਇਸਤੋਂ ਸਪੱਸ਼ਟ ਹੁੰਦਾ ਹੈ ਕਿ ਹਿੰਦੂ ਧਰਮ ਔਰਤ ਪ੍ਰਤੀ ਕਿੰਨਾ ਸੰਵੇਦਨਹੀਣ ਹੈ। ਔਰਤ ਨੂੰ ਜਾਇਦਾਦ ਸਮਝਿਆ ਗਿਆ ਹੈ, ਉਸਦੀ ਤੁਲਨਾ ਭੇਡ, ਬੱਕਰੀ, ਉੱਠਣੀ, ਗਾਂ, ਘੋੜੀ ਨਾਲ ਕੀਤੀ ਗਈ ਹੈ। ਔਰਤ ਨੂੰ ਵੇਚਣ, ਛੱਡਣ ਜਾਂ ਤਲਾਕ ਦੇਣ ਤੋਂ ਬਾਅਦ ਵੀ ਪਹਿਲੇ ਪਤੀ ਦਾ ਆਪਣੀ ਪਤਨੀ ’ਤੇ ਅਧਿਕਾਰ ਰਹਿੰਦਾ ਹੈ। (ਅਧਿਆਇ 9/46)। ਇਸੇ ਅਧਿਆਏ ਵਿੱਚ ਔਰਤ ਨੂੰ ਅਪਵਿੱਤਰ ਕਿਹਾ ਗਿਆ ਹੈ। ਔਰਤ ਸੁਭਾਅ ਪੱਖੋਂ ਦੁਰਾਚਾਰੀ ਹੈ। ਇਸਨੂੰ ਬਲਪੂਰਵਕ ਕੰਟਰੋਲ ਕਰਨਾ ਚਾਹੀਦਾ ਹੈ, ਇਸਤਰੀ ਸੁਤੰਤਰਤਾ ਦੇ ਯੋਗ ਨਹੀਂ ਹੈ। (ਅਧਿਆਇ 9/2-3) ਇਸਤਰੀ ਦੀ ਮੁੱਖ ਜਿੰਮੇਵਾਰੀ ਬੱਚੇ ਪੈਦਾ ਕਰਨਾ, ਉਹਨਾਂ ਦਾ ਪਾਲਣ-ਪੋਸ਼ਣ ਕਰਨਾ, ਚਾਰ ਦੁਆਰੀ ਅੰਦਰ ਰਹਿਣਾ (ਅਧਿਆਇ 9/27)। ਜਦੋਂ ਇਹਨਾਂ ਯੋਗੀਆਂ-ਮੋਦੀਆਂ ਦੀ ਵਿਚਾਰਧਾਰਾ ਹੈ ਤਾਂ ਉਥੇ ਬੇਟੀਆਂ ਦੇ ਸੁਰੱਖਿਅਤ ਰਹਿਣ ਦਾ ਭਰਮ ਪਾਲਣਾ ਨਿਰੀ ਮੂਰਖਤਾ ਹੀ ਹੈ। ਇਹਨਾਂ ਤੋਂ ਨਿਆਂ ਦੀ ਆਸ ਕਰਨਾ ਆਪਣੇ ਆਪ ਨਾਲ ਧੋਖਾ ਹੈ। ਹੁਣ ਤੱਕ ਜੋ ਸੰਘਰਸ਼ਸ਼ੀਲ ਲੋਕਾਂ ਨੇ ਲੜ ਕੇ ਆਪਣੇ ਅਧਿਕਾਰ ਲਏ ਹਨ, ਇਹ ਉਸਨੂੰ ਪੁੱਠਾ ਗੇੜਾ ਦੇ ਰਹੇ ਹਨ। ਇਹ ਉਹੀ ਪੁਰਾਣੇ ਯੁੱਗ ਵਿੱਚ ਦੇਸ਼ ਨੂੰ ਲਿਜਾਣਾ ਚਾਹੁੰਦੇ ਹਨ। ਤੇ ਉਸ ਯੁੱਗ ਵਿੱਚ ਦਲਿਤ ਤੇ ਔਰਤ ਗੁਲਾਮ ਹਨ।

ਇਹ ਵਿਚਾਰਧਾਰਾ ਉੱਚ ਜਾਤੀ ਪਿੱਤਰ ਸੱਤਾ ਹਿੰਦੂਤਵ ਹੈ। ਇਸ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਯੋਗੀ ਉੱਤਰ ਪ੍ਰਦੇਸ਼ ਵਿੱਚ ਪੂਰੇ ਜ਼ੋਰ-ਸ਼ੋਰ ਨਾਲ ਲੱਗਿਆ ਹੋਇਆ ਹੈ। ਇਸੇ ਕਰਕੇ ਯੂਪੀ ਵਿੱਚ ਬਲਾਤਕਾਰ, ਕਤਲ, ਸਾਈਬਰ ਕਰਾਈਮ, ਜਾਤਪਾਤੀ ਹਿੰਸਾ ਦੀਆਂ ਘਟਨਾਵਾਂ ਵਧੀਆਂ ਹਨ। ਹਾਥਰਸ ਕੋਈ ਇਕੱਲੀ ਘਟਨਾ ਨਹੀਂ, ਬਲਰਾਮਪੁਰ, ਗੋਰਖਪੁਰ, ਭਦੋਹੀ ਆਦਿ ਘਟਨਾਵਾਂ ਦੀ ਪੂਰੀ ਲੜੀ ਹੈ, ਜਿੱਥੇ ਦਲਿਤ ਕੁੜੀਆਂ ਸ਼ਿਕਾਰ ਬਣੀਆਂ ਹਨ। ਇਸਤਰੀਆਂ ਖਿਲਾਫ਼ 2018 ਤੇ 2019 ਵਿੱਚ ਜੁਰਮ 7.3% ਵਧਿਆ ਹੈ। ਯੂਪੀ ਵਿੱਚ ਹਰ 2 ਘੰਟੇ ਬਾਅਦ ਬਲਾਤਕਾਰ ਦੀ ਰਿਪੋਰਟ ਦਰਜ ਹੁੰਦੀ ਹੈ। ਬਲਾਤਕਾਰ ਦੀਆਂ ਘਟਨਾਵਾਂ ਵਿੱਚ ਪੂਰੇ ਭਾਰਤ ਵਿੱਚੋਂ ਯੂਪੀ ਮੋਹਰੀ ਹੈ। ਔਰਤਾਂ ਨਾਲ ਹਰ ਰੋਜ਼ 162 ਘਟਨਾਵਾਂ ਹਿੰਸਾ ਦੀਆਂ ਦਰਜ ਹੁੰਦੀਆਂ ਹਨ। ਯੋਗੀ ਦੇ ਯੂਪੀ ਵਿੱਚ ਦਾਜ ਨਾਲ ਕੁੜੀਆਂ ਦੀਆਂ ਮੌਤਾਂ 3% ਵਧੀਆਂ ਹਨ (ਨੈਸ਼ਨਲ ਕਰਾਇਮ ਰਿਪੋਰਟ ਬਿਊਰੋ)। ਜਦੋਂ ਲੜਕੀਆਂ ਨਾਲ ਦਲਿਤ ਸ਼ਬਦ ਜੁੜ ਜਾਂਦਾ ਹੈ ਤਾਂ ਹਿੰਸਾ ਦੇ ਅੰਕੜੇ ਹੋਰ ਸੰਘਣੇ ਹੋ ਜਾਂਦੇ ਹਨ। ਕਿਉਂਕਿ ਇੱਕ ਲੜਕੀ ਤੇ ਦੂਸਰੀ ਦਲਿਤ, ਦੋਵੇਂ ਕਮਜ਼ੋਰ ਕੜੀਆਂ ਇਕੱਠੀਆਂ ਹੋ ਜਾਂਦੀਆਂ ਹਨ। ਉਹਨਾਂ ਲਈ ਨਿਸ਼ਾਨਾ ਸੌਫਟ ਹੋ ਜਾਂਦਾ ਹੈ। ਜੁਰਮ ਕਰਨਾ ਸੌਖਾ ਹੋ ਜਾਂਦਾ ਹੈ। ਇਸੇ ਕਰਕੇ ਦਲਿਤਾਂ ’ਤੇ ਹਮਲਿਆਂ ਦੀ ਗਿਣਤੀ ਵਿੱਚ 7% ਵਾਧਾ ਹੋਇਆ। ਯੋਗੀ ਤੇ ਮੋਦੀ ਦੇ ਮੂੰਹ ’ਤੇ ਚਪੇੜ ਇਸ ਲਈ ਹੈ ਤੇ ਸੰਵੇਦਨਸ਼ੀਲ ਲੋਕਾਂ ਲਈ ਪੀੜ ਇਸ ਗੱਲੋਂ ਵਧਦੀ ਹੈ ਕਿ ਕੇਵਲ ਗਰੀਬਾਂ, ਦਲਿਤਾਂ, ਕੁੜੀਆਂ ਨਾਲ ਹੀ ਧੱਕਾ ਨਹੀਂ, ਗੁੰਡਾਗਰਦੀ ਦੀ ਇੰਤਹਾ ਇੱਥੋਂ ਤੱਕ ਵਧ ਗਈ ਹੈ ਕਿ ਯੋਗੀ ਦੇ ਆਉਣ ਤੋਂ ਬਾਅਦ ਬਾਲ ਬਲਾਤਕਾਰ ਦੀਆਂ ਘਟਨਾਵਾਂ ਵਿੱਚ ਬੁਰੀ ਤਰ੍ਹਾਂ ਵਾਧਾ ਹੋਇਆ ਹੈ। ਪੋਸਕੋ ਅਧੀਨ 7444 ਕੇਸ ਦਰਜ ਹੋਏ ਹਨ। ਕਿੰਨੇ ਹੀ ਕੇਸ ਦਬਾ ਲੈਂਦੇ ਹਨ। ਇਹ ਵੱਖਰੀ ਗੱਲ ਹੈ ਕਿ ਹਰ ਡੇਢ ਘੰਟੇ ਬਾਅਦ ਬੱਚਿਆਂ ਨਾਲ ਹਿੰਸਾ ਦੀ ਰਿਪੋਰਟ ਦਰਜ ਹੁੰਦੀ ਹੈ।

ਜਿਵੇਂ ਮੋਦੀ ਨੇ ਗੁਜਰਾਤ ਨੂੰ ਆਰ.ਐਸ.ਐਸ. ਦੀ ਪ੍ਰਯੋਗਸ਼ਾਲਾ ਬਣਾਇਆ ਸੀ ਉਵੇਂ ਹੀ ਯੋਗੀ ਵੀ ਸੰਘ ਦੇ ਫਾਸ਼ੀਵਾਦ ਦੀ ਉਤਰ ਪ੍ਰਦੇਸ਼ ਨੂੰ ਉਦਾਹਰਣ ਬਣਾ ਰਿਹਾ ਹੈ। ਘੱਟ ਗਿਣਤੀਆਂ ਖਾਸ ਕਰ ਮੁਸਲਮਾਨ ਤੇ ਦਲਿਤ ਇਸਦਾ ਮੁੱਖ ਨਿਸ਼ਾਨਾ ਹਨ। ਇਹਨਾਂ ਨੂੰ ਵੱਖਰੇ-ਵੱਖਰੇ ਕਾਨੂੰਨਾਂ ਰਾਹੀਂ, ਗੈਰ-ਕਾਨੂੰਨੀ ਢੰਗਾਂ ਰਾਹੀਂ ਇਨਕਾਊਂਟਰ ਕਰਵਾ ਰਿਹਾ ਹੈ ਜਾਂ ਜੇਲ੍ਹਾਂ ਵਿੱਚ ਸੁੱਟ ਰਿਹਾ ਹੈ। ਕਰੋਨਾ ਨੂੰ ਬੋਲਣ ਦੇ ਅਧਿਕਾਰ ’ਤੇ ਪਾਬੰਦੀ ਵਜੋਂ ਵਰਤਿਆ, ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ। ਇਸਤੋਂ ਪਹਿਲਾਂ ਸੀ.ਏ.ਏ. ਨੂੰ ਲਾਗੂ ਕਰਨ ਵਿੱਚ ਪਹਿਲਕਦਮੀ ਦਿਖਾਈ। ਯੋਗੀ ਦੇ ਸੱਤਾ ਵਿੱਚ ਆਉਣ ਵਾਲੇ ਸਾਲ 1100 ਇਨਕਾਊਂਟਰ ਹੋਏ, 3300 ਗ੍ਰਿਫਤਾਰੀਆਂ ਹੋਈਆਂ। ਕਾਲਾ ਕਾਨੂੰਨ ਯੂ.ਪੀ.ਸੀ.ਓ.ਸੀ.ਏ. ਨੂੰ ਮੁਸਲਮਾਨਾਂ ਤੇ ਦਲਿਤਾਂ ਖਿਲਾਫ਼ ਵਰਤਿਆ। ਇਸ ਰਾਹੀਂ

ਸਰਕਾਰ ਕਿਸੇ ਵਿਅਕਤੀ ਨੂੰ ਤਾਂ ਕੀ ਨਾਬਾਲਿਗ ਨੂੰ ਵੀ ਬਿਨਾਂ ਕਿਸੇ ਕਾਰਨ ਗ੍ਰਿਫਤਾਰ ਕਰ ਸਕਦੀ ਹੈ। ਐਨ.ਐਸ.ਏ. ਤਹਿਤ ਜਿੰਨਾ ਮਰਜੀ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰੱਖ ਸਕਦੀ ਹੈ। ਦਲਿਤ ਲੀਡਰ ਚੰਦਰ ਸ਼ੇਖਰ ਨੂੰ ਇਸੇ ਕਾਨੂੰਨ ਤਹਿਤ ਲੰਮਾ ਸਮਾਂ ਜੇਲ੍ਹ ਵਿੱਚ ਜਾਣਾ ਪਿਆ। ਲੋਕਾਂ ਦੇ ਵਿਰੋਧ ਨੂੰ ਰੋਕਣ ਲਈ ਯੂਪੀ ਸਪੈਸ਼ਲ ਸਕਿਉਰਿਟੀ ਫੋਰਸ ਖੜ੍ਹੀ ਕੀਤੀ ਹੈ। ਇਸ ਵਿੱਚ 5 ਬਟਾਲੀਅਨ ਹੋਣਗੀਆਂ ਮਤਲਬ 9964 ਸੁਰੱਖਿਆ ਮੁਲਾਜ਼ਮ। ਯੋਗੀ ਵੱਲੋਂ ਇਸਨੂੰ ਧਾਰਮਿਕ ਸੰਸਥਾਵਾਂ, ਕੋਰਟ, ਵਿੱਤੀ ਸੰਸਥਾਨ, ਮੈਟਰੋ ਆਦਿ ਦੀ ਰਾਖੀ ਲਈ ਬਣਾਇਆ ਗਿਆ ਦੱਸਿਆ ਜਾ ਰਿਹਾ ਹੈ। ਅਸਲ ਵਿੱਚ ਜਦੋਂ ਪਹਿਲਾਂ ਹੀ ਬਹੁਤ ਸਾਰਾ ਪੁਲੀਸ ਬਲ ਤੇ ਹੋਰ ਸਿਸਟਮ ਮੌਜੂਦ ਹਨ ਤਾਂ ਇਹ ਨਵਾਂ ਦਲ ਕਿਸ ਲਈ? ਅਸਲ ਵਿੱਚ ਇਹ ਸਾਰਾ ਯੂਪੀ ਦੀ ਸਰਕਾਰ ਦੇ ਹੱਥ ਸਿੱਧਾ ਕੰਟਰੋਲ ਹੋਵੇਗਾ। ਇਸਨੂੰ ਯੋਗੀ ਨੇ ਆਪਣੇ ਵਿਰੋਧੀਆਂ ਲਈ ਤੇ ਮੁਸਲਮਾਨਾਂ ਤੇ ਦਲਿਤਾਂ ’ਤੇ ਕੰਟਰੋਲ ਕਰਨ ਲਈ ਵਰਤਣਾ ਹੈ। ਇਸਦੇ ਸੈਕਸ਼ਨ 10 ਤੇ 11 ਸਭ ਤੋਂ ਖਤਰਨਾਕ ਹਨ, ਜਿਨ੍ਹਾਂ ਮੁਤਾਬਿਕ ਕੋਈ ਆਪਣਾ ਕਸੂਰ ਵੀ ਨਹੀਂ ਪੁੱਛ ਸਕਦਾ। ਬਿਨਾਂ ਕੋਈ ਕਸੂਰ ਦੱਸੇ ਕਿਸੇ ਨੂੰ ਗ੍ਰਿਫਤਾਰ ਕਰਨ ਦਾ ਇਸ ਫੋਰਸ ਕੋਲ ਅਧਿਕਾਰ ਹੈ। ਬਿਨ੍ਹਾਂ ਵਾਰੰਟ ਗ੍ਰਿਫਤਾਰੀ ਦਾ ਅਧਿਕਾਰ ਹੈ।

ਅਸਲ ਵਿੱਚ ਉੱਚ ਜਾਤੀ ਪਿੱਤਰ ਸੱਤਾ ਹਿੰਦੂਤਵ ਨੂੰ ਲਾਗੂ ਕਰਨਾ ਕੋਈ ਸੌਖਾ ਕੰਮ ਨਹੀਂ। ਇੱਕ ਸੀਮਾ ਤੱਕ ਵਿਕਸਿਤ ਹੋਇਆ ਸਮਾਜ ਪਿੱਛਲਮੋੜਾ ਨਹੀਂ ਲੈ ਸਕਦਾ। ਇਸਨੂੰ ਪਿੱਛਲਮੋੜਾ ਦੇਣ ਦਾ ਕਾਰਜ ਯੋਗੀ ਧੱਕੇ ਤੇ ਪੂਰੀ ਘੜੀ ਹੋਈ ਆਰ.ਐਸ.ਐਸ. ਤੇ ਭਾਜਪਾ ਦੀ ਸਕੀਮ ਤਹਿਤ ਕਰ ਰਿਹਾ ਹੈ। ਇਸ ਹੱਲ ਕੋਰਟ, ਸੀ.ਬੀ.ਆਈ., ਐਸ.ਆਈ.ਟੀ. ਆਦਿ ਕਿਸੇ ਸੰਸਥਾ ਵਿੱਚੋਂ ਭਾਲਿਆ ਨਹੀਂ ਮਿਲਣਾ। ਸੰਘ ਫਾਸ਼ੀਵਾਦ ਹੌਲੀ-ਹੌਲੀ ਸਭ ਕੁੱਝ ਆਪਣੇ ਕੰਟਰੋਲ ਹੇਠ ਲੈ ਰਿਹਾ ਹੈ। ਇਸ ਖਿਲਾਫ਼ ਇੱਕ ਵਿਸ਼ਾਲ ਦਾਇਰੇ ਵਾਲੀ ਜਨਤਕ ਖਾੜਕੂ ਲਹਿਰ ਖੜੀ ਕਰਨ ਦੀ ਲੋੜ ਹੈ ਕਿਉਂਕਿ ਫਾਸ਼ੀਵਾਦ ਕਦੇ ਪਿੱਛੇ ਨਹੀਂ ਮੁੜਦਾ, ਇਸਨੂੰ ਸਿਰਫ ਹਰਾਇਆ ਹੀ ਜਾ ਸਕਦਾ ਹੈ। ਅੱਜ ਲੋੜ ਹੈ ਕਿ ਖੇਤਾਂ ਦੀ ਵੱਟ ’ਤੇ ਖੜੇ ਸਵੈਮਾਨ ਵੱਲੋਂ ਦਿੱਲੀ ਦੀ ਅੱਖ ਨੂੰ ਅੱਖ ਦਿਖਾਈ ਜਾਵੇ।

## ਲੋਕ ਸੰਘਰਸ਼ ਕਮੇਟੀ ਵੱਲੋਂ ਸ਼ੰਭੂ ਕਿਸਾਨ ਮੋਰਚੇ ’ਚ ਸ਼ਮੂਲੀਅਤ ਲਈ ਮੋਟਰਸਾਈਕਲ ਮਾਰਚ

ਖੇਤੀ ਕਾਨੂੰਨਾਂ ਖਿਲਾਫ਼ ਇੱਕਜੁੱਟ ਹੋਈਆਂ ਕਿਸਾਨ ਜੱਥੇਬੰਦੀਆਂ ਦੇ ਸਾਂਝੇ ਸੰਘਰਸ਼ਾਂ ’ਚ ਜਿੱਥੇ ਹਰ ਤਬਕਾ ਤੇ ਇਨਕਲਾਬੀ ਜੱਥੇਬੰਦੀਆਂ ਕਿਸਾਨੀ ਦੀ ਹਮਾਇਤ ’ਚ ਆ ਰਹੀਆਂ ਹਨ, ਉੱਥੇ ਜਨਤਕ ਜੱਥੇਬੰਦੀਆਂ ’ਤੇ ਅਧਾਰਿਤ ਪਟਿਆਲਾ ਦੀ ਲੋਕ ਸੰਘਰਸ਼ ਕਮੇਟੀ ਵੱਲੋਂ 7 ਅਕਤੂਬਰ ਨੂੰ ਸ਼ੰਭੂ ਰੇਲਵੇ ਲਾਈਨਾਂ ’ਤੇ ਚੱਲ ਰਹੇ ਮੋਰਚੇ ’ਚ ਪਟਿਆਲਾ ਤੋਂ ਮੋਟਰ ਸਾਈਕਲ ਮਾਰਚ ਕਰਕੇ ਸ਼ਮੂਲੀਅਤ ਕੀਤੀ ਗਈ। ਇਸ ਮਾਰਚ ਵਿੱਚ ਡੈਮੋਕਰੇਟਿਕ ਟੀਚਰਜ਼ ਫਰੰਟ, ਪੰਜਾਬ ਸਟੂਡੈਂਟਸ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਇਕਾਈ ਪਟਿਆਲਾ ਨੇ ਹਿੱਸਾ ਲਿਆ ਅਤੇ ‘ਖੇਤੀ ਕਾਨੂੰਨ ਰੱਦ ਕਰੋ’ ਵਰਗੇ ਨਾਅਰੇ ਮਾਰਦੇ ਹੋਏ ਮਾਰਚ ਕੱਢਿਆ। ਇਸ ਮੋਟਰਸਾਈਕਲ ਮਾਰਚ ਨੂੰ ਰਸਤੇ ’ਚ ਆਉਣ ਵਾਲੇ ਪਿੰਡਾਂ ਦੇ ਲੋਕਾਂ ਨੇ ਨਾਅਰਿਆਂ ਦਾ ਜਵਾਬ ਨਾਅਰਿਆਂ ਨਾਲ ਦੇ ਕੇ ਚੰਗਾ ਹੁੰਗਾਰਾ ਦਿੱਤਾ। ਇਸਤੋਂ ਇਲਾਵਾ ਡੀ.ਟੀ.ਐਫ., ਪੀ.ਐਸ.ਯੂ., ਨੌਜਵਾਨ ਭਾਰਤ ਸਭਾ, ਇਸਤਰੀ ਜਾਗਰਿਤੀ ਮੰਚ, ਗੈਸ ਏਜੰਸੀ ਵਰਕਰਜ਼ ਯੂਨੀਅਨ (ਇਫਟੂ) ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਕਾਰਕੁੰਨਾਂ ਦੁਆਰਾ ਪਟਿਆਲਾ ਜ਼ਿਲ੍ਹੇ ਦੇ ਹਰ ਟੋਲ ਪਲਾਜ਼ਿਆਂ ਉੱਪਰ ਲੱਗੇ ਮੋਰਚਿਆਂ ’ਚ ਵਾਰ-ਵਾਰ ਹਾਜ਼ਰੀ ਲਗਾਈ ਜਾ ਰਹੀ ਹੈ।

ਖੇਤੀ ਕਾਨੂੰਨਾਂ ਖਿਲਾਫ਼ ਉੱਭਰੇ ਇਸ ਘੋਲ ਦੌਰਾਨ ਜਿੱਥੇ ਪੰਜਾਬ ’ਚ ਜਗ੍ਹਾ-ਜਗ੍ਹਾ ਕਿਸਾਨ ਜੱਥੇਬੰਦੀਆਂ ਦੀਆਂ ਇਕਾਈਆਂ ਬਣਾਈਆਂ ਜਾ ਰਹੀਆਂ ਹਨ, ਉਥੇ ਹੀ ਪਟਿਆਲਾ ਜ਼ਿਲ੍ਹੇ ਦੀ ਤਹਿਸੀਲ ਸਮਾਣਾ ਦੇ ਪਿੰਡ ਟੋਡਰਪੁਰ ਤੇ ਜੌੜਾਮਾਜਰਾ ’ਚ ਵੀ ਕਿਰਤੀ ਕਿਸਾਨ ਯੂਨੀਅਨ ਦੁਆਰਾ ਸੈਮੀਨਾਰ ਕਰਵਾਏ ਜਾਣ ਤੋਂ ਬਾਅਦ ਕਮੇਟੀਆਂ ਦਾ ਗਠਨ ਹੋਣਾ ਸ਼ੁਰੂ ਹੋਇਆ ਅਤੇ ਇਲਾਕੇ ਦੇ ਹੋਰਨਾਂ ਪਿੰਡਾਂ ਅੰਦਰ ਵੀ ਕਿਸਾਨੀ ਨੂੰ ਨਾਲ ਜੋੜਨ ਲਈ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੋ ਚੁੱਕਿਆ ਹੈ। ਪਿੰਡਾਂ ਅੰਦਰ ਕਿਸਾਨੀ ਨੂੰ ਲਾਮਬੰਦ ਕਰਦੇ ਹੋਏ ਕੇਂਦਰ ਦੀ ਭਾਜਪਾ-ਆਰ.ਐਸ.ਐਸ. ਸਰਕਾਰ ਦੇ ਅਜੰਡਿਆਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਦੇ ਨਾਲ-ਨਾਲ ਲੋਕ-ਲਹਿਰਾਂ ਦੀ ਜਰੂਰਤ ਤੇ ਸੰਘਰਸ਼ਾਂ ’ਚ ਕੁੱਦਣ ਲਈ ਆਗੂਆਂ ਵੱਲੋਂ ਪ੍ਰੇਰਿਆ ਜਾ ਰਿਹਾ ਹੈ।

ਲੇਬਰ ਕੋਡ

# ਕਿਰਤੀਆਂ ਦੇ ਅਧਿਕਾਰਾਂ 'ਤੇ ਹਮਲਾ

ਮੋਦੀ ਸਰਕਾਰ ਨੇ ਕਰੋਨਾ ਮਹਾਂਮਾਰੀ ਦੇ ਸਮੇਂ ਨੂੰ ਆਪਣੀ ਮਜ਼ਦੂਰ ਵਿਰੋਧੀ ਤੇ ਕਿਸਾਨ ਵਿਰੋਧੀ ਕਾਰਪੋਰੇਟ-ਪੱਖੀ ਨੀਤੀਆਂ ਨੂੰ ਲਾਗੂ ਕਰਨ ਲਈ ਚੁਣਿਆ ਹੈ। ਇਸ ਨੇ ਕਰੋਨਾ ਦੇ ਨਾਮ ਹੇਠ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਨੂੰ ਸੀਮਤ ਕਰ ਦਿੱਤਾ ਹੈ। ਪਾਰਲੀਮੈਂਟ ਦੇ ਸ਼ੋਰ-ਸ਼ਰਾਬੇ ਵਿੱਚ ਤਿੰਨ ਕਿਸਾਨ ਬਿੱਲਾਂ ਤੇ ਤਿੰਨ ਲੇਬਰ ਕੋਡਾਂ ਨੂੰ ਜਮਹੂਰੀ ਕਦਰਾਂ ਕੀਮਤਾਂ ਦੀ ਪਰਵਾਹ ਕੀਤੇ ਬਗੈਰ ਪਾਸ ਕਰਵਾ ਲਿਆ ਹੈ ਤੇ ਰਾਸ਼ਟਰਪਤੀ ਦੀ ਮੋਹਰ ਵੀ ਲਗਵਾ ਲਈ ਹੈ। ਪਿਛਲੇ ਲੰਮੇ ਸਮੇਂ ਤੋਂ ਦੇਸੀ ਤੇ ਵਿਦੇਸ਼ੀ ਕਾਰਪੋਰੇਟਾਂ ਦੀ ਮੰਗ ਨੂੰ ਪੂਰਾ ਕਰਨ ਦਾ ਵਾਅਦਾ ਨਿਭਾਇਆ ਹੈ। ਖਾਸ ਕਰਕੇ 1992 ਤੋਂ ਜਦੋਂ ਤੋਂ ਨਰਸਿਮਹਾ ਰਾਓ ਤੇ ਡਾ. ਮਨਮੋਹਨ ਸਿੰਘ ਦੀ ਜੋੜੀ ਦੀ ਸਰਕਾਰ ਵੇਲੇ ਨਵੀਆਂ ਆਰਥਿਕ ਨੀਤੀਆਂ ਦੀ ਸ਼ੁਰੂਆਤ ਕੀਤੀ ਗਈ ਸੀ। ਇਹ ਅਮਲ 2002 ਵਿੱਚ ਅਟੱਲ ਬਿਹਾਰੀ ਵਾਜਪਾਈ ਦੇ ਰਾਜ ਸਮੇਂ ਦੂਸਰੇ ਲੇਬਰ ਕਮਿਸ਼ਨ ਦੀ ਰਿਪੋਰਟ ਨਾਲ ਸ਼ੁਰੂ ਕੀਤਾ ਗਿਆ ਸੀ। ਦੂਸਰੇ ਲੇਬਰ ਕਮਿਸ਼ਨ ਦੀਆਂ ਕਿਰਤ ਕਾਨੂੰਨਾਂ ਵਿੱਚ ਸੋਧਾਂ ਦੀਆਂ ਸਿਫਾਰਿਸ਼ਾਂ ਨੂੰ ਟਰੇਡ ਯੂਨੀਅਨਾਂ ਦੇ ਵਿਰੋਧ ਦੇ ਚਲਦਿਆਂ ਤੇ ਕੇਂਦਰ ਵਿੱਚ ਦਸ ਸਾਲਾਂ ਦੀਆਂ ਮਿਲੀਆਂ-ਜੁਲੀਆਂ ਸਰਕਾਰਾਂ ਦੀ ਮਜਬੂਰੀ ਦੀ ਵਜ੍ਹਾ ਕਾਰਨ ਇਸ ਨੂੰ ਲਾਗੂ ਕਰਨ ਦੀ ਹਿੰਮਤ ਨਹੀਂ ਜੁਟਾ ਸਕੀਆਂ ਸਨ। ਭਾਵੇਂ ਸਰਮਾਏਦਾਰਾਂ ਵੱਲੋਂ ਕਾਨੂੰਨਾਂ ਦੀ ਅਣਦੇਖੀ ਕਰਕੇ ਆਊਟਸੋਰਸਿੰਗ ਤੇ ਠੇਕੇਦਾਰੀਕਰਨ ਰਾਹੀਂ ਆਪਣੇ ਉਦੇਸ਼ ਪੂਰੇ ਕੀਤੇ ਗਏ ਹਨ। ਪਰ 2014 ਵਿੱਚ ਆਰ.ਐਸ.ਐਸ.-ਭਾਜਪਾ ਦੀ ਮੋਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਬਾਅਦ 29 ਕਿਰਤ ਕਾਨੂੰਨਾਂ ਨੂੰ 4 ਲੇਬਰ ਕੋਡਾਂ ਵਿੱਚ ਤਬਦੀਲ ਕਰਨ ਦੇ ਯਤਨ ਤੇਜ਼ ਕਰ ਦਿੱਤੇ। 2019 ਦੀ ਆਪਣੀ ਦੂਸਰੀ ਪਾਰੀ ਵਿੱਚ ਮੋਦੀ ਸਰਕਾਰ ਨੇ ਚਾਰ ਕੋਡ ਜਿਨ੍ਹਾਂ ਵਿੱਚ, ਤਨਖਾਹ ਕੋਡ, ਸਮਾਜਿਕ ਸੁਰੱਖਿਆ ਅਤੇ ਉਦਯੋਗਿਕ ਸਬੰਧਾਂ ਸਬੰਧੀ (ਰਿਲੇਸ਼ਨ) ਕੋਡ, ਕਿੱਤਾਮੁੱਖੀ ਸੁਰੱਖਿਆ, ਸਿਹਤ ਤੇ ਕਾਰਜਕਾਰੀ ਹਾਲਤਾਂ ਕੋਡ, ਲਾਗੂ ਕਰਨ ਵਿੱਚ ਸਫ਼ਲਤਾ ਪ੍ਰਾਪਤ ਕਰ ਲਈ ਹੈ। ਹੁਣ ਸਿਰਫ ਸਰਕਾਰ ਵੱਲੋਂ ਇਨਾਂ ਕੋਡਾਂ ਦੀ ਨਿਯਮਾਂਵਲੀ ਤਹਿ ਕਰਨ ਤੋਂ ਬਾਅਦ ਇਹ ਕਿਰਤ ਕਾਨੂੰਨ ਲਾਗੂ ਹੋ ਜਾਣਗੇ।

ਇਨਾਂ ਕਾਨੂੰਨਾਂ ਵਿੱਚ ਕੀ ਤਬਦੀਲੀਆਂ ਹੋਈਆਂ, ਇਹ ਸਮਝਣ ਤੋਂ ਪਹਿਲਾਂ ਆਓ ਦੇਖਦੇ ਹਾਂ ਕਿ ਇਨਾਂ ਕਾਨੂੰਨਾਂ ਨੂੰ ਲਾਗੂ ਕਰਨ ਪਿੱਛੇ ਸਰਕਾਰ ਕੀ ਦਲੀਲ ਦਿੰਦੀ ਹੈ?

ਸਰਕਾਰ ਦਾ ਕਹਿਣਾ ਹੈ ਕਿ ਇਹ ਕਾਨੂੰਨ ਬਹੁਤ ਜਿਆਦਾ ਗੁੰਝਲਦਾਰ ਹਨ, ਕਿਰਤੀਆਂ ਨੂੰ ਇਨ੍ਹਾਂ ਨੂੰ ਸਮਝਣਾ ਮੁਸ਼ਕਲ ਹੈ। ਅਸੀਂ ਇਨ੍ਹਾਂ ਨੂੰ ਸਿਰਫ ਚਾਰ ਕੋਡਾਂ ਵਿੱਚ ਬਦਲਕੇ ਕਿਰਤੀਆਂ ਦੀ ਭਲਾਈ ਲਈ ਇਨ੍ਹਾਂ ਦਾ ਸਰਲੀਕਰਨ ਕੀਤਾ ਹੈ, ਇਨ੍ਹਾਂ ਨੂੰ ਤਰਕਸੰਗਤ ਤੇ ਮਜਬੂਤ ਬਣਾਇਆ ਹੈ। ਸਰਕਾਰ ਦੀ ਇਸ ਦਲੀਲ ਵਿੱਚ ਕਿੰਨਾ ਦਮ ਹੈ, ਆਓ ਦੇਖਦੇ ਹਾਂ ਇਸ ਵਿੱਚ ਕੀ ਕੀਤਾ ਗਿਆ ਹੈ।

ਕੀਤਾ ਇਹ ਗਿਆ ਹੈ ਕਿ ਬਹੁਤ ਸਾਰੇ ਵੱਖਰੇ-ਵੱਖਰੇ ਪੁਰਾਣੇ ਕਾਨੂੰਨਾਂ ਨੂੰ ਇਕੱਠੇ ਕਰਕੇ ਇੱਕ ਨਵੇਂ ਕੋਡ ਵਿੱਚ ਇੱਕ ਵੱਖਰੇ ਚੈਪਟਰ ਵਿੱਚ ਜੋੜ ਦਿੱਤਾ ਗਿਆ ਹੈ। ਬਹੁਤ ਸਾਰੇ ਕਾਨੂੰਨਾਂ ਦੀਆਂ ਧਾਰਾਵਾਂ ਬਿਨਾਂ ਕਿਸੇ ਤਬਦੀਲੀ ਦੇ ਕਾਪੀ ਪੇਸਟ ਕੀਤੀਆਂ ਗਈਆਂ ਹਨ। ਉਦਾਹਰਨ ਦੇ ਤੌਰ 'ਤੇ ਉਦਯੋਗਿਕ ਸਬੰਧਾਂ ਸਬੰਧੀ ਕੋਡ, ਉਦਯੋਗਿਕ ਝਗੜਾ ਕਾਨੂੰਨ ਐਕਟ 1947, ਟਰੇਡ ਯੂਨੀਅਨ ਕਾਨੂੰਨ 1926 ਅਤੇ ਉਦਯੋਗਿਕ ਰੋਜ਼ਗਾਰ ਐਕਟ 1946 ਨੂੰ ਇਕੱਠੇ ਕਰਕੇ ਬਣਾਇਆ ਹੈ। ਪੁਰਾਣਾ ਟਰੇਡ ਯੂਨੀਅਨ ਕਾਨੂੰਨ, ਉਦਯੋਗਿਕ ਸਬੰਧਾਂ ਸਬੰਧੀ ਕੋਡ ਦੇ ਚੈਪਟਰ ਤਿੰਨ (III) ਵਿੱਚ ਕਾਪੀ ਕੀਤਾ ਗਿਆ ਹੈ ਅਤੇ ਸਟੈਂਡਿੰਗ ਆਡਰ ਐਕਟ ਚੈਪਟਰ 4 ਵਿੱਚ ਹੈ। ਅਤੇ ਪੁਰਾਣਾ ਉਦਯੋਗਿਕ ਝਗੜਾ ਕਾਨੂੰਨ ਹੁਣ ਨਵੇਂ ਕੋਡ ਤਹਿਤ ਚੈਪਟਰ 2, 5, 6, 7, 8, 9, 10, 12, 13 ਅਤੇ 4 ਵਿੱਚ ਦਰਜ ਹੈ। ਇਸੇ ਤਰ੍ਹਾਂ ਦੂਸਰੇ ਤਿੰਨਾਂ ਕੋਡਾਂ ਵਿੱਚ ਹੈ।

## ਨਵੇਂ ਕੋਡਾਂ ਅਨੁਸਾਰ ਤਬਦੀਲੀਆਂ

ਪੁਰਾਣੇ ਕਾਨੂੰਨਾਂ ਵਿੱਚ ਸਮਾਜਿਕ ਸੁਰੱਖਿਆ — ਲਾਭਾਂ, ਸਿਹਤ ਸੁਰੱਖਿਆ, ਭਲਾਈ ਉਪਾਵਾਂ ਅਤੇ ਹੋਰ ਮਾਮਲਿਆਂ ਬਾਰੇ ਵਿਸ਼ੇਸ਼ ਤੌਰ 'ਤੇ ਸਪੱਸ਼ਟ ਤੌਰ 'ਤੇ ਲਿਖਿਆ ਗਿਆ ਸੀ। ਨਵੇਂ ਕੋਡਾਂ ਵਿੱਚ ਮਾਮਲੇ ਨੂੰ ਅਸਪੱਸ਼ਟ ਅਤੇ ਸਰਕਾਰ 'ਤੇ ਛੱਡ ਦਿੱਤਾ ਗਿਆ ਹੈ। ਕੋਡ ਨੂੰ ਲਾਗੂ ਕਰਨ ਲਈ ਨਿਯਮ ਤਿਆਰ ਕਰਦੇ ਸਮੇਂ ਸਰਕਾਰ ਨੂੰ ਫੈਸਲਾ ਲੈਣ ਦੀ ਸ਼ਕਤੀ ਦਿਤੀ ਗਈ ਹੈ। ਉਦਾਹਰਨ ਵਜੋਂ ਪੁਰਾਣੇ ਫੈਕਟਰੀ ਐਕਟ ਵਿੱਚ ਸਿਹਤ ਤੇ ਸੁਰੱਖਿਆ ਦੇ ਉਪਾਅ ਵੇਰਵੇ ਸਾਹਿਤ, ਮਸ਼ੀਨਾਂ, ਹਾਦਸਿਆਂ ਨੂੰ ਰੋਕਣ ਲਈ ਸੁਰੱਖਿਆ

ਉਪਕਰਣਾਂ, ਹਵਾਦਾਰੀ ਆਦਿ ਅਤੇ ਭਲਾਈ ਦੇ ਉਪਾਅ ਜਿਵੇਂ ਪਖਾਨੇ, ਠੰਢਾ ਪਾਣੀ ਪੀਣ ਦੀ ਵਿਵਸਥਾ, ਕੰਟੀਨ, ਅਰਾਮ ਕਮਰੇ, ਨਹਾਉਣ-ਧੋਣ ਦੀ ਸਹੂਲਤ, ਕਰੈਚ ਆਦਿ ਐਕਟ ਵਿੱਚ ਵੀ ਨਿਰਧਾਰਤ ਕੀਤੇ ਗਏ ਸਨ। ਖਾਣਾਂ ਦੇ ਖੇਤਰ ਵਿੱਚ ਵੀ ਇਸੇ ਤਰ੍ਹਾਂ ਸੀ। ਹੁਣ ਸਿਹਤ, ਸੁਰੱਖਿਆ ਅਤੇ ਭਲਾਈ ਦੇ ਉਪਾਅ ਸਰਕਾਰ ਦੁਆਰਾ ਤਿਆਰ ਕੀਤੇ ਜਾਣਗੇ। ਉਦਾਹਰਨ ਲਈ ਜਦੋਂ ਫੈਕਟਰੀ ਐਕਟ ਕਰੈਚ ਦੀ ਸਹੂਲਤ, ਰੈਸਟ ਰੂਮ ਆਦਿ ਲਾਜ਼ਮੀ ਸਨ। ਹੁਣ ਕਿੱਤਾਮੁਕੀ ਸੁਰੱਖਿਆ, ਸਿਹਤ ਤੇ ਕੰਮ ਦੀਆਂ ਹਾਲਤਾਂ ਕੋਡ ਦੀ ਧਾਰਾ 24 (3) ਕਹਿੰਦੀ ਹੈ ਕਿ, "ਕੇਂਦਰੀ ਸਰਕਾਰ ਕਰੈਚ ਦੀ ਸਹੂਲਤ ਲਈ ਨਿਯਮ ਬਣਾ ਸਕਦੀ ਹੈ" ਮਤਲਬ ਜੋ ਕਾਨੂੰਨ ਅਨੁਸਾਰ ਉਪਲਭਦ ਸੀ, ਉਸਨੂੰ ਸਰਕਾਰ 'ਤੇ ਛੱਡ ਦਿੱਤਾ ਗਿਆ ਹੈ। ਪਹਿਲੇ ਕਾਨੂੰਨ ਮੁਤਾਬਿਕ ਘੱਟੋ-ਘੱਟ 10, 20, 100 ਦੀ ਵਰਕਰਾਂ ਦੀ ਗਿਣਤੀ ਨੂੰ ਕਿਰਤ ਕਾਨੂੰਨਾਂ ਦੇ ਘੇਰੇ ਤਹਿਤ ਸੁਰੱਖਿਆ ਮਿਲਦੀ ਸੀ। ਹੁਣ ਨਵੇਂ ਕੋਡ ਵਿੱਚ ਇਹ ਗਿਣਤੀ ਦੁੱਗਣੀ ਕਰ ਦਿੱਤੀ ਗਈ। ਇਸਦੇ ਸਿੱਟੇ ਵਜੋਂ ਵੱਡੀ ਗਿਣਤੀ ਵਿੱਚ ਕਿਰਤੀ ਕਾਨੂੰਨ ਦੇ ਦਾਇਰੇ ਤੋਂ ਬਾਹਰ ਹੋ ਜਾਣਗੇ।

### *ਕਿਰਤ ਇੰਸਪੈਕਟਰ ਬਣੇ ਫੈਸਿਲੀਟੇਟਰ*

ਕੇਂਦਰ ਦਾ ਕਿਰਤ ਵਿਭਾਗ ਤੇ ਰਾਜ ਸਰਕਾਰਾਂ ਕਿਰਤ ਕਾਨੂੰਨਾਂ ਨੂੰ ਲਾਗੂ ਕਰਨ ਦੀ ਏਜੰਸੀ ਸਨ। ਕਿਰਤ ਇੰਸਪੈਕਟਰ ਨੂੰ ਇਹ ਤਾਕਤ ਮਿਲੀ ਸੀ ਕਿ ਉਹ ਅਚਨਚੇਤ ਕਿਸੇ ਵੀ ਫੈਕਟਰੀ ਦੀ ਪੜਤਾਲ ਕਰ ਸਕਦਾ ਸੀ, ਉਸਦਾ ਰਿਕਾਰਡ ਚੈਕ ਕਰ ਸਕਦਾ ਸੀ, ਜੁਰਮਾਨਾ ਲਾ ਸਕਦਾ ਸੀ, ਕਿਰਤ ਕਾਨੂੰਨਾਂ ਦੀ ਉਲੰਘਣਾ ਦੇ ਦੋਸ਼ੀ ਮਾਲਕਾਂ ਖਿਲਾਫ ਫੌਜਦਾਰੀ ਮੁਕੱਦਮਾ ਦਰਜ ਕਰਵਾ ਸਕਦਾ ਸੀ। ਵਰਕਰਾਂ ਦਾ ਸੰਘਰਸ਼ ਵੀ ਉਸਨੂੰ ਆਪਣੀ ਸ਼ਕਤੀਆਂ ਵਰਤਣ ਲਈ ਮਜਬੂਰ ਕਰ ਦਿੰਦਾ ਸੀ। ਪਰ ਨਵੇਂ ਕੋਡਾਂ ਨੇ ਕਿਰਤ ਵਿਭਾਗ ਦੀਆਂ ਸ਼ਕਤੀਆਂ ਨੂੰ ਬਹੁਤ ਹੀ ਸੀਮਤ ਕਰ ਦਿੱਤਾ ਹੈ। ਕਿਰਤ ਵਿਭਾਗ ਦੀ ਭੂਮਿਕਾ ਹੁਣ 'ਫੈਸਿਲੀਟੇਟਰ' ਦੀ ਹੋਵੇਗੀ। ਉਹ ਮਾਲਕਾਂ ਨੂੰ ਕਾਨੂੰਨ ਲਾਗੂ ਕਰਨ ਲਈ ਪ੍ਰੇਰ ਸਕਦੇ ਹਨ, ਮਜਬੂਰ ਨਹੀਂ ਕਰ ਸਕਦੇ। ਮਾਲਕਾਂ ਵੱਲੋਂ ਕਾਨੂੰਨ ਲਾਗੂ ਕਰਨ ਵਾਰੇ ਦਿੱਤਾ ਗਿਆ ਸੈਲਫ ਸਰਟੀਫਿਕੇਟ ਹੀ ਸਹੀ ਮੰਨਿਆ ਜਾਵੇਗਾ। ਪਹਿਲੇ ਕਾਨੂੰਨ ਅਨੁਸਾਰ ਕਿਰਤ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਮਾਲਕਾਂ ਨੂੰ ਸਜ਼ਾ ਤੇ ਜੁਰਮਾਨਾ ਦੋਵੇਂ ਹੋ ਸਕਦੇ ਸਨ। ਪਰ ਹੁਣ ਮਾਲਕ ਜੁਰਮਾਨਾ ਭਰਕੇ ਸਜ਼ਾ ਤੋਂ ਮੁਕਤ ਹੋ ਸਕਦਾ ਹੈ।

## *ਉਦਯੋਗਿਕ ਸਬੰਧਾਂ ਸਬੰਧੀ ਕਾਨੂੰਨ 2020*

### *Industrial Relation Code 2020*

ਇਹ ਕੋਡ ਪੁਰਾਣੇ ਸਥਾਈ ਆਰਡਰਜ਼ ਐਕਟ, ਟਰੇਡ ਯੂਨੀਅਨ ਐਕਟ ਅਤੇ ਉਦਯੋਗਿਕ ਝਗੜਾ ਕਾਨੂੰਨ ਦੀ ਥਾਂ ਲੈਂਦਾ ਹੈ। ਇਸ ਕੋਡ ਰਾਹੀਂ ਇਨ੍ਹਾਂ ਕਾਨੂੰਨਾਂ ਵਿੱਚ ਖਤਰਨਾਕ ਤਬਦੀਲੀਆਂ ਕੀਤੀਆਂ ਗਈਆਂ ਹਨ ਜੋ ਕਿ ਮਜ਼ਦੂਰ ਵਿਰੋਧੀ ਹਨ।

### *ਜੱਥੇਬੰਦੀ ਬਣਾਉਣ ਤੇ ਹੜਤਾਲ ਕਰਨ ਦੇ ਅਧਿਕਾਰ 'ਤੇ ਹਮਲਾ*

ਪੁਰਾਣੇ ਕੇਂਦਰੀ ਕਾਨੂੰਨਾਂ ਵਿੱਚ ਇਸ ਤਰ੍ਹਾਂ ਦੀ ਕੋਈ ਧਾਰਾ ਨਹੀਂ ਸੀ ਕਿ ਯੂਨੀਅਨ ਨੂੰ ਪ੍ਰਬੰਧਕਾਂ ਤੋਂ ਮਾਨਤਾ ਲੈਣੀ ਪਵੇਗੀ। ਸਾਰੀਆਂ ਰਜਿਸਟਰਡ ਯੂਨੀਅਨਾਂ ਮੰਗ-ਪੱਤਰ ਦੇ ਸਕਦੀਆਂ ਸਨ, ਆਪਣੀਆਂ ਮੰਗਾਂ ਦੀ ਪੂਰਤੀ ਲਈ ਹੜਤਾਲ ਕਰ ਸਕਦੀਆਂ ਸਨ ਤੇ ਪ੍ਰਬੰਧਕਾਂ ਨੂੰ ਸਮਝੌਤਾ ਕਰਨ ਲਈ ਮਜਬੂਰ ਕਰ ਸਕਦੀਆਂ ਸਨ। ਇੱਥੋਂ ਤੱਕ ਕਿ ਵਗੈਰ ਜੱਥੇਬੰਦੀ ਤੋਂ ਵੀ ਪੰਜ ਵਿਅਕਤੀ ਜਿਨ੍ਹਾਂ ਨੂੰ ਵਰਕਰਾਂ ਦੀ ਲਿਖਤੀ ਸਹਿਮਤੀ ਹੋਵੇ, ਮੰਗ ਪੱਤਰ ਦੇ ਸਕਦੇ ਹਨ, ਹੜਤਾਲ ਕਰ ਸਕਦੇ ਸਨ ਤੇ ਸਮਝੌਤਾ ਕਰ ਸਕਦੇ ਸਨ। ਹੁਣ ਨਵੇਂ ਕੋਡ ਅਨੁਸਾਰ ਜਿਸ ਰਜਿਸਟਰਡ ਯੂਨੀਅਨ ਦੇ 51% ਵਰਕਰ ਯੂਨੀਅਨ ਦੇ ਮੈਂਬਰ ਹੋਣਗੇ, ਉਹ ਹੀ ਯੂਨੀਅਨ ਸਮਝੌਤਾ ਕਰਨ ਦੇ ਯੋਗ ਹੋਵੇਗੀ। ਜੇਕਰ ਕਿਸੇ ਯੂਨੀਅਨ ਦੇ ਕੋਲ 51% ਮੈਂਬਰਸ਼ਿਪ ਨਹੀਂ ਹੈ ਤਾਂ ਸਾਰੀਆਂ ਜੱਥੇਬੰਦੀਆਂ ਜਿਨ੍ਹਾਂ ਦੀ ਮੈਂਬਰਸ਼ਿਪ 20% ਤੋਂ ਜਿਆਦਾ ਹੋਵੇਗੀ, ਰਲਕੇ ਇੱਕ ਸਮਝੌਤਾ ਕਰਨ ਵਾਲੀ ਕੌਂਸਲ ਦਾ ਗਠਨ ਕਰ ਸਕਦੀਆਂ ਹਨ। ਇਹ ਮੈਂਬਰਸ਼ਿਪ ਕਿਵੇਂ ਚੈਕ ਕੀਤੀ ਜਾਵੇਗੀ। ਇਸ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ। ਇਹ ਸਰਕਾਰ ਦੁਆਰਾ ਫੈਸਲਾ ਲਿਆ ਜਾਵੇਗਾ। ਪ੍ਰਬੰਧਨ ਨੂੰ ਕਿਸੇ ਹੋਰ ਯੂਨੀਅਨ ਨਾਲ ਗੱਲਬਾਤ ਕਰਨ ਤੋਂ ਇਨਕਾਰ ਕਰਨ ਦਾ ਅਧਿਕਾਰ ਹੋਵੇਗਾ। ਇਸ ਕੋਡ ਨੇ ਕਿਸੇ ਨਵੇਂ ਅਦਾਰੇ ਵਿੱਚ ਯੂਨੀਅਨ ਬਣਾਉਣ ਦੇ ਕਾਰਜ ਨੂੰ ਲਗਭਗ ਅਸੰਭਵ ਬਣਾ ਦਿੱਤਾ ਹੈ। ਪ੍ਰਬੰਧਕ ਆਪਣੇ ਪੱਧਰ ਦੀ ਯੂਨੀਅਨ ਦਾ ਗਠਨ ਕਰਕੇ ਉਸਨੂੰ ਹੀ ਮਾਨਤਾ ਦੇ ਦੇਣਗੇ। ਇੱਕ ਵਾਰ ਮਾਨਤਾ ਮਿਲਣ ਤੋਂ ਬਾਅਦ ਨਵੀਂ ਯੂਨੀਅਨ ਨੂੰ ਆਪਣੇ-ਆਪ ਨੂੰ ਸਥਾਪਤ ਕਰਨਾ ਸੌਖਾ ਕਾਰਜ ਨਹੀਂ ਹੋਵੇਗਾ।

ਦੂਸਰਾ ਸਭ ਤੋਂ ਵੱਡਾ ਹਮਲਾ ਹੜਤਾਲ ਕਰਨ ਦੇ ਅਧਿਕਾਰ 'ਤੇ ਹੈ। ਇਸ ਕੋਡ ਦੀ ਧਾਰਾ 62 (1) ਹੜਤਾਲ ਕਰਨ ਦੇ ਅਧਿਕਾਰ ਨੂੰ ਪੂਰੀ ਤਰ੍ਹਾਂ ਨਕਾਰਦੀ ਹੈ। ਪੁਰਾਣੇ

ਉਦਯੋਗਿਕ ਝਗੜਾ ਕਾਨੂੰਨ ਦੀ ਧਾਰਾ 22 ਅਨੁਸਾਰ ਪਬਲਿਕ ਸੇਵਾਵਾਂ ਵਾਲੇ ਅਦਾਰਿਆਂ ਵਿੱਚ ਹੜਤਾਲ ਤੋਂ ਪਹਿਲਾਂ 14 ਦਿਨ ਦਾ ਨੋਟਿਸ ਦੇਣਾ ਜ਼ਰੂਰੀ ਸੀ। ਪਰ ਧਾਰਾ 23 ਅਨੁਸਾਰ ਹੋਰ ਉਦਯੋਗਾਂ ਵਿੱਚ ਵਗੈਰ ਨੋਟਿਸ ਤੋਂ ਵਰਕਰ ਹੜਤਾਲ ਕਰ ਸਕਦੇ ਸਨ ਬਸ਼ਰਤੇ ਉਹਨਾਂ ਦੀਆਂ ਮੰਗਾਂ ’ਤੇ ਕੋਈ ਕਾਰਵਾਈ ਕੋਰਟ, ਟ੍ਰਿਬਿਊਨਲ ਕੋਲ ਨਾ ਚਲਦੀ ਹੋਵੇ। ਹੁਣ ਨਵੇਂ ਕੋਡ ਵਿੱਚ ਉਪਰੋਕਤ ਦੋਵੇਂ ਧਾਰਾਵਾਂ ਨੂੰ ਨਵੀਂ ਧਾਰਾ 62 (1) ਵਿੱਚ ਇਕੱਠਾ ਕਰਕੇ ਸਾਰੇ ਅਦਾਰਿਆਂ ’ਤੇ ਲਾਗੂ ਕਰ ਦਿੱਤਾ ਗਿਆ ਹੈ। ਹੁਣ 14 ਦਿਨ ਦਾ ਨੋਟਿਸ ਦਿੱਤੇ ਬਗੈਰ ਕਿਸੇ ਵੀ ਅਦਾਰੇ ਵਿੱਚ ਹੜਤਾਲ ਨਹੀਂ ਕੀਤੀ ਜਾ ਸਕਦੀ। ਨੋਟਿਸ ਉਪਰੰਤ ਸੁਲਾਹ ਸਫਾਈ ਅਫਸਰ ਆਪਣੀ ਕਾਰਵਾਈ ਸ਼ੁਰੂ ਕਰ ਦੇਵੇਗਾ। ਉਸ ਸਮੇਂ ਦੌਰਾਨ ਕੋਈ ਹੜਤਾਲ ਨਹੀਂ ਹੋ ਸਕਦੀ। ਜੇਕਰ ਗੱਲਬਾਤ ਅਸਫ਼ਲ ਹੋ ਗਈ ਤਾਂ ਕਿਰਤ ਇੰਸਪੈਕਟਰ ਆਪਣੀ ਰਿਪੋਰਟ ਸਰਕਾਰ ਨੂੰ ਭੇਜੇਗਾ। ਸਰਕਾਰ ਟ੍ਰਿਬਿਊਨਲ ਨੂੰ ਭੇਜ ਦੇਵੇਗੀ। ਜਦੋਂ ਤੱਕ ਕਾਰਵਾਈ ਟ੍ਰਿਬਿਊਨਲ ਕੋਲ ਚਲਦੀ ਹੈ ਉਦੋਂ ਤੱਕ ਕਾਨੂੰਨੀ ਤੌਰ ’ਤੇ ਵਰਕਰ ਹੜਤਾਲ ਦੇ ਹੱਕਦਾਰ ਨਹੀਂ ਹਨ। ਸੁਲਾਹ ਸਫਾਈ ਅਫਸਰ ਨਾਲ ਜੇਕਰ ਗੱਲਬਾਤ ਟੁੱਟ ਜਾਂਦੀ ਹੈ ਤਾਂ ਮੈਨੇਜਮੈਂਟ ਨੂੰ ਇਸ ਕੋਡ ਦੀ ਧਾਰਾ 53 (6) ਦੇ ਅਧੀਨ ਇਹ ਵੀ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਇਸ ਮੈਟਰ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਸਿੱਧਾ ਹੀ ਟ੍ਰਿਬਿਊਨਲ ਨੂੰ ਸੌਂਪ ਦੇਵੇ। ਮੁੱਕਦੀ ਗੱਲ ਕਿ ਇਸ ਕਾਨੂੰਨ ਨੇ ਵਰਕਰਾਂ ਦੇ ਹੜਤਾਲ ਦੇ ਅਧਿਕਾਰ ਨੂੰ ਬਹੁਤ ਹੀ ਸੀਮਤ ਕਰ ਦਿੱਤਾ ਹੈ।

ਪੁਰਾਣੇ ਉਦਯੋਗਿਕ ਝਗੜਾ ਕਾਨੂੰਨ ਦਾ ਚੈਪਟਰ 5 ਬੀ ਹੁਣ ਨਵੇਂ ਕੋਡ ਤਹਿਤ ਚੈਪਟਰ 10 ਬਣ ਗਿਆ ਹੈ। ਚੈਪਟਰ 5 ਬੀ ਕਿਸੇ ਵੀ 100 ਵਰਕਰਾਂ ਤੋਂ ਉਪਰ ਦੀ ਫੈਕਟਰੀ ਵਿੱਚ ਲੇਅ ਆਫ, ਛਾਂਟੀ ਅਤੇ ਫੈਕਟਰੀ ਨੂੰ ਬੰਦ ਕਰਨ ਨਾਲ ਸਬੰਧਿਤ ਸੀ। ਇਨ੍ਹਾਂ ਅਦਾਰਿਆਂ ਵਿੱਚ ਪ੍ਰਬੰਧਕਾਂ ਨੂੰ ਲੇਅ ਆਫ਼, ਛਾਂਟੀ ਅਤੇ ਬੰਦ ਲਈ ਸਰਕਾਰ ਤੋਂ ਆਗਿਆ ਲੈਣੀ ਪੈਂਦੀ ਸੀ। ਸਰਕਾਰ ਲਈ ਇਸ ਦੀ ਆਗਿਆ ਦੇਣਾ ਏਨਾ ਸੌਖਾ ਕੰਮ ਨਹੀਂ ਸੀ। ਇਸੇ ਕਰਕੇ ਸਵੈ ਇੱਛਤ ਸੇਵਾਮੁਕਤੀ (VRS) ਦੇ ਵਰਤਾਰੇ ਵਿੱਚ ਤੇਜੀ ਆਈ ਤੇ ਵਰਕਰਾਂ ਨੂੰ ਵੱਡੇ-ਵੱਡੇ ਆਰਥਿਕ ਪੈਕੇਜ਼ ਦਿੱਤੇ ਗਏ ਤਾਂ ਕਿ ਉਹ ਵੀ ਵੀ.ਆਰ.ਐਸ. ਸਵੀਕਾਰ ਕਰ ਲੈਣ ਤੇ ਪ੍ਰਬੰਧਕ ਛਾਂਟੀ ਤੇ ਆਪਣੇ ਬੰਦ ਦੇ ਉਦੇਸ਼ ਨੂੰ ਪੂਰਾ ਕਰ ਸਕਣ।

ਹੁਣ ਇਸ ਉਦੇਸ਼ ਲਈ ਵਰਕਰਾਂ ਦੀ ਗਿਣਤੀ 300 ਤੋਂ ਉੱਪਰ ਤਹਿ ਕੀਤੀ ਗਈ ਹੈ। ਜਿਸਦੇ ਸਿੱਟੇ ਵਜੋਂ 100 ਤੋਂ 300 ਦੀ ਗਿਣਤੀ ਵਾਲੀਆਂ ਇਕਾਈਆਂ ਦੇ ਵਰਕਰ ਹੁਣ ਨਵੇਂ ਕੋਡ ਅਨੁਸਾਰ ਆਪਣੇ ਸਾਰੇ ਅਧਿਕਾਰਾਂ ਤੋਂ ਵਾਂਝੇ ਹੋ ਜਾਣਗੇ। ਲੱਖਾਂ ਹੀ ਵਰਕਰ ਛੋਟੀਆਂ ਤੇ ਦਰਮਿਆਨੀਆਂ ਇਕਾਈਆਂ ਵਿੱਚ ਕੰਮ ਕਰਦੇ ਹਨ, ਜਿਨ੍ਹਾਂ ਨੂੰ ਨਵੇਂ ਕਾਨੂੰਨਾਂ ਦਾ ਸੇਕ ਪਹੁੰਚੇਗਾ। ਇਸ ਕੋਡ ਦੀ ਧਾਰਾ 71 (1) ਤਹਿਤ ਸਰਕਾਰ ਇਸ ਘੱਟੋ-ਘੱਟ ਗਿਣਤੀ ਵਿੱਚ ਹੋਰ ਵੀ ਵਾਧਾ ਕਰਨ ਦਾ ਅਧਿਕਾਰ ਰੱਖਦੀ ਹੈ।

ਪਹਿਲੇ ਕਾਨੂੰਨ ਦੀ ਧਾਰਾ 25-ਐਚ ਅਨੁਸਾਰ ਜੇਕਰ ਕੋਈ ਅਦਾਰਾ ਕਿਸੇ ਵਰਕਰ ਦੀ ਛਾਂਟੀ ਕਰਦਾ ਹੈ ਤਾਂ ਜਦੋਂ ਕਦੀ ਉਹ ਉਸ ਅਦਾਰੇ ਵਿੱਚ ਦੁਬਾਰਾ ਭਰਤੀ ਕਰਦਾ ਹੈ ਤਾਂ ਛਾਂਟੀ ਕੀਤੇ ਵਰਕਰ ਨੂੰ ਪਹਿਲ ਦੇਵੇਗਾ। ਇਹ ਵਰਕਰ ਦਾ ਕਾਨੂੰਨੀ ਹੱਕ ਸੀ। ਹੁਣ ਨਵੇਂ ਕੋਡ ਦੀ ਧਾਰਾ 72 ਤਹਿਤ ਇਹ ਅਧਿਕਾਰ ਛਾਂਟੀ ਵਾਲੇ ਦਿਨ ਤੋਂ ਇੱਕ ਸਾਲ ਤੱਕ ਸੀਮਤ ਕਰ ਦਿੱਤਾ ਗਿਆ ਹੈ। ਇੱਕ ਸਾਲ ਤੋਂ ਬਾਅਦ ਮਾਲਕ ਦੁਬਾਰਾ ਰੋਜ਼ਗਾਰ ਦੇਣ ਦੀ ਜ਼ੁੰਮੇਵਾਰੀ ਤੋਂ ਮੁਕਤ ਹੋਵੇਗਾ।

ਇੱਕ ਹੋਰ ਮਹੱਤਵਪੂਰਨ ਤਬਦੀਲੀ ਜਿਹੜੀ ਇਸ ਕੋਡ ਦਾ ਹਿੱਸਾ ਬਣ ਗਈ ਹੈ, ਉਹ ਹੈ ‘ਨਿਸ਼ਚਿਤ ਸਮੇਂ ਦਾ ਰੁਜ਼ਗਾਰ’, ਜਿਹੜੀ ਮਾਲਕਾਂ ਨੂੰ ਹਾਇਰ ਐਂਡ ਫਾਇਰ ਦੀ ਨੀਤੀ ਨੂੰ ਲਾਗੂ ਕਰਨ ਦੀ ਇਜਾਜ਼ਤ ਦਿੰਦੀ ਹੈ। ਨਿਸ਼ਚਿਤ ਸਮੇਂ ਦੇ ਮਜ਼ਦੂਰ ਉਹ ਹੁੰਦੇ ਹਨ, ਜਿਹੜੇ ਇਕ ਤੈਅ ਸਮੇਂ ਲਈ ਨੌਕਰੀ ਸਵੀਕਾਰ ਕਰ ਲੈਂਦੇ ਹਨ। ਸਮਾਂ ਖਤਮ ਹੋਣ ’ਤੇ ਉਹਨਾਂ ਦੀ ਨੌਕਰੀ ਆਪਣੇ ਆਪ ਖਤਮ ਹੋ ਜਾਂਦੀ ਹੈ। ਉਹ ਕਿਤੇ ਦਲੀਲ ਅਪੀਲ ਨਹੀਂ ਕਰ ਸਕਦੇ, ਉਹਨਾਂ ਦੇ ਸਿਰ ’ਤੇ ਹਮੇਸ਼ਾ ਨੌਕਰੀ ਚਲੇ ਜਾਣ ਦਾ ਖਤਰਾ ਮੰਡਰਾਉਂਦਾ ਰਹਿੰਦਾ ਹੈ।

ਇਹ ਕੋਡ ਲੇਬਰ ਕੋਰਟ ਦਾ ਵੀ ਖਾਤਮਾ ਕਰਦਾ ਹੈ। ਇਸ ਕੋਡ ਤਹਿਤ ਸਿਰਫ ਇੱਕ ਇਲਾਕੇ ਦੇ ਉਦਯੋਗਿਕ ਟ੍ਰਿਬਿਊਨਲ ਜਾਂ ਨੈਸ਼ਨਲ ਟ੍ਰਿਬਿਊਨਲ ਹੋਣਗੇ। ਪੁਰਾਣੇ ਕਾਨੂੰਨ ਤਹਿਤ ਲੇਬਰ ਕੋਰਟ ਤੇ ਉਦਯੋਗਿਕ ਟ੍ਰਿਬਿਊਨਲ ਜੁਡੀਸ਼ੀਅਲ ਅਫਸਰ ਤਹਿਤ ਹੁੰਦੇ ਸਨ। ਲੇਕਿਨ ਨਵੇਂ ਉਦਯੋਗਿਕ ਟ੍ਰਿਬਿਊਨਲ ਵਿੱਚ 2 ਮੈਂਬਰ ਹੋਣਗੇ। ਇੱਕ ਜੁਡੀਸ਼ੀਅਲ ਤੇ ਦੂਸਰਾ ਐਡਮਨਿਸਟਰੇਟਰ। ਕੁਝ ਮਾਮਲਿਆਂ ਵਿੱਚ ਪ੍ਰਬੰਧਕੀ ਮੈਂਬਰ ਇਕੱਲਾ ਵੀ ਫੈਸਲਾ ਕਰ ਸਕਦਾ ਹੈ। ਪ੍ਰਬੰਧਕਾਂ ਤੇ ਅਦਾਲਤਾਂ ਦਾ ਵੱਖ-ਵੱਖ ਹੋਣ ਦਾ ਸੰਵਿਧਾਨਕ ਸੰਕਲਪ ਵੀ ਦਿੱਤਾ ਗਿਆ ਹੈ। ਇਸ ਕੋਡ ਦੀ ਧਾਰਾ 76 (2) ਤਹਿਤ ਸਰਕਾਰ ਕਿਸੇ ਨਵੇਂ ਅਦਾਰੇ ਨੂੰ ਇੱਕ ਖਾਸ ਸਮੇਂ ਇਸ ਕੋਡ ਦੀਆਂ ਸਾਰੀਆਂ ਧਾਰਾਵਾਂ ਤੋਂ ਛੋਟ ਦੇਣ ਦਾ ਅਧਿਕਾਰ ਵੀ ਰੱਖਦੀ ਹੈ।

### *ਕਿੱਤਾ ਸੁਰੱਖਿਆ, ਸਿਹਤ ਤੇ ਕੰਮ ਹਾਲਤਾਂ ਕੋਡ 2020*

ਇਸ ਕੋਡ ਵਿੱਚ 13 ਪੁਰਾਣੇ ਕਾਨੂੰਨ ਇਕੱਠੇ ਕਰ ਦਿੱਤੇ ਗਏ ਹਨ। ਜਿਨ੍ਹਾਂ ਵਿੱਚ ਫੈਕਟਰੀ ਐਕਟ 1948, ਮਾਈਨਜ਼ ਐਕਟ 1952, ਡੌਕ ਵਰਕਰਜ਼ (ਸੇਫਟੀ, ਹੈਲਥ ਐਂਡ ਵੈਲਫੇਅਰ) ਐਕਟ 1986, ਬੀ.ਓ.ਸੀ. ਐਕਟ 1996, ਪਲਾਂਟੇਸ਼ਨ ਲੇਬਰ ਐਕਟ 1951, ਕੰਟਰੈਕਟ ਲੇਬਰ (ਰੈਗੂਲੇਸ਼ਨ ਐਂਡ ਐਬੋਲਿਸ਼ਨ) ਐਕਟ 1970, ਅੰਤਰਰਾਜੀ ਪ੍ਰਵਾਸੀ ਮਜ਼ਦੂਰ ਐਕਟ 1979, ਕਾਰਜਕਾਰੀ ਪੱਤਰਕਾਰ ਅਤੇ ਹੋਰ ਅਖ਼ਬਾਰ ਕਰਮਚਾਰੀ ਐਕਟ 1955, ਕਾਰਜਕਾਰੀ ਪੱਤਰਕਾਰੀ ਐਕਟ 1958, ਮੋਟਰ ਟਰਾਂਸਪੋਰਟ ਵਰਕਰਜ਼ ਐਕਟ 1961, ਸੇਲਜ਼ ਪ੍ਰਮੋਸ਼ਨ ਕਰਮਚਾਰੀ ਐਕਟ 1976, ਬੀੜੀ ਅਤੇ ਸਿਗਰਟ ਵਰਕਰਜ਼ ਐਕਟ 1966, ਸਿਨੇ-ਵਰਕਰ ਅਤੇ ਸਿਨੇਮਾ ਥੀਏਟਰ ਵਰਕਰ ਐਕਟ 1981।

ਇਹ ਕੋਡ ਬਹੁਤ ਸਾਰੇ ਵੱਖ-ਵੱਖ ਕਾਨੂੰਨਾਂ ਦਾ ਸੁਮੇਲ ਹੈ। ਵੱਖ-ਵੱਖ ਧਾਰਾਵਾਂ ਦੀ ਵੱਖਰੀ-ਵੱਖਰੀ ਕਾਰਜਸ਼ੀਲਤਾ ਹੈ। ਇੱਕ ਅਦਾਰਾ ਹੈ ਜਿੱਥੇ 10 ਜਾਂ ਵੱਧ ਵਰਕਰ ਕੰਮ ਕਰਦੇ ਹਨ। ਹੁਣ ਫੈਕਟਰੀ ਦੀ ਪ੍ਰੀਭਾਸ਼ਾ ਬਦਲ ਦਿੱਤੀ ਗਈ ਹੈ। ਘੱਟੋ-ਘੱਟ ਵਰਕਰਾਂ ਦੀ ਗਿਣਤੀ ਜਿੱਥੇ ਬਿਜਲੀ ਦਾ ਇਸਤੇਮਾਲ ਹੁੰਦਾ ਹੈ, 10 ਤੋਂ ਵਧਾਕੇ 20 ਕਰ ਦਿੱਤੀ ਗਈ ਹੈ। ਜਿੱਥੇ ਬਿਜਲੀ ਦਾ ਇਸਤੇਮਾਲ ਨਹੀਂ ਹੁੰਦਾ, ਉਥੇ 20 ਤੋਂ ਵਧਾਕੇ 40 ਕਰ ਦਿੱਤੀ ਗਈ ਹੈ। ਇਸ ਤਰ੍ਹਾਂ ਹੋਣ ਨਾਲ ਵੱਡੀ ਗਿਣਤੀ ਵਿੱਚ ਕਾਮੇ ਫੈਕਟਰੀ ਐਕਟ ਤਹਿਤ ਮਿਲਣ ਵਾਲੇ ਲਾਭਾਂ ਤੋਂ ਵਾਂਝੇ ਹੋ ਜਾਣਗੇ। ਸਿਹਤ, ਸੁਰੱਖਿਆ, ਭਲਾਈ ਦੇ ਲਾਭ ਪ੍ਰਾਪਤ ਕਰਨ ਦਾ ਜੋ ਕਾਨੂੰਨੀ ਤਜਰਬਾ ਸੀ, ਹੁਣ ਇਸ ਨੂੰ ਸਰਕਾਰ ਤੈਅ ਕਰੇਗੀ। ਇਸ ਕੋਡ ਵਿੱਚ ਵਰਕਰਾਂ ਦੀ ਸਾਲਾਨਾ ਚੈਕਅੱਪ ਦੀ ਸਹੂਲਤ ਹੈ, ਖਾਸ ਕਰਕੇ ਕਿੱਤਾ ਅਧਾਰਿਤ ਰੋਗਾਂ ਸਬੰਧੀ। ਪਰ ਇਹ ਸਪੱਸ਼ਟ ਨਹੀਂ ਹੈ ਕਿ ਇਹ ਕਿਵੇਂ ਲਾਗੂ ਹੋਵੇਗਾ।

ਠੇਕਾ ਮਜ਼ਦੂਰੀ (ਰੋਕਥਾਮ ਅਤੇ ਰੈਗੂਲੇਸ਼ਨ) ਕਾਨੂੰਨ 1979 ਕਾਨੂੰਨ ਜਿਸਦਾ ਮੰਤਵ, ਠੇਕਾ ਮਜ਼ਦੂਰੀ ਦਾ ਖਾਤਮਾ ਕਰਨਾ ਸੀ ਤੇ ਉਸਨੂੰ ਰੈਗੂਲੇਟ ਕਰਨਾ ਸੀ। ਭਾਵੇਂ ਇਸ ਦੀਆਂ ਪੁਰਾਣੀਆਂ ਬਹੁਤ ਸਾਰੀਆਂ ਮੱਦਾਂ ਨੂੰ ਕਾਇਮ ਰੱਖਿਆ ਗਿਆ ਹੈ ਪਰ ਇਸਦੇ ਮੰਤਵ ਨੂੰ ਹਟਾ ਦਿੱਤਾ ਗਿਆ। ਇਸ ਕੋਡ ਵਿੱਚ ਇਸ ਨੂੰ ਚੈਪਟਰ 11 (ਆਈ) ਦੇ ਰੂਪ ਵਿੱਚ ਸ਼ਾਮਲ ਕੀਤਾ ਗਿਆ ਹੈ। ਜਿੱਥੇ ਇਹ ਪਹਿਲਾਂ ਘੱਟੋ-ਘੱਟ 20 ਵਰਕਰਾਂ ਦੀ ਗਿਣਤੀ 'ਤੇ ਲਾਗੂ ਹੁੰਦਾ ਸੀ, ਹੁਣ ਇਸ ਕੋਡ ਦੀ ਧਾਰਾ 45 (1) ਤਹਿਤ ਇਹ ਗਿਣਤੀ 50 ਕਰ ਦਿੱਤੀ ਗਈ ਹੈ। ਪੁਰਾਣੇ ਠੇਕਾ ਕਾਨੂੰਨ ਮੁਤਾਬਿਕ ਕੋਈ ਵੀ ਵਪਾਰਕ ਅਦਾਰਾ ਠੇਕਾ ਲੇਬਰ ਨੂੰ ਨਿਯੁਕਤ ਕਰਨ ਲਈ ਰਜਿਸਟਰਡ ਹੋਣਾ ਚਾਹੀਦਾ ਹੈ ਪਰ ਹੁਣ ਪ੍ਰਮੁੱਖ ਮਾਲਕ ਨੂੰ ਇਸ ਜੁੰਮੇਵਾਰੀ ਤੋਂ ਮੁਕਤ ਕਰ ਦਿੱਤਾ ਗਿਆ। ਇਸ ਲਈ ਹੁਣ ਸਿਰਫ ਠੇਕੇਦਾਰ ਨੂੰ ਲਾਇਸੰਸ ਲੈਣਾ ਹੋਵੇਗਾ ਜੋ 5 ਸਾਲ ਲਈ ਜਾਇਜ਼ ਹੋਵੇਗਾ। ਇੱਥੋਂ ਤੱਕ ਕਿ ਇਸ ਵਿਵਸਥਾ ਨੂੰ ਵੀ ਕੋਡ ਦੀ ਧਾਰਾ 47 (2) ਦੇ ਜ਼ਰੀਏ ਢਿੱਲ ਦਿਤੀ ਜਾ ਸਕਦੀ ਹੈ। ਜਿੱਥੇ ਠੇਕੇਦਾਰ ਲੋੜੀਂਦੀਆਂ ਯੋਗਤਾਵਾਂ ਦਾ ਮਾਪਦੰਡ ਜਿਹੜੇ ਸਬ-ਸੈਕਸ਼ਨ (1) ਵਿੱਚ ਦਰਜ ਹਨ, ਨੂੰ ਪੂਰਾ ਨਹੀਂ ਕਰਦਾ ਤਾਂ ਲਾਇਸੰਸ ਦੇਣ ਵਾਲਾ ਅਧਿਕਾਰੀ, ਠੇਕੇਦਾਰ ਨੂੰ ਕੰਮ ਲਈ ਖਾਸ ਲਾਇਸੰਸ ਜਾਰੀ ਕਰ ਸਕਦਾ ਹੈ, ਜਿਸ ਨੂੰ 'ਵਰਕ ਸਪੈਸ਼ਲ ਲਾਇਸੰਸ' ਕਹਿੰਦੇ ਹਨ।

ਪਹਿਲੇ ਕਾਨੂੰਨ ਮੁਤਾਬਿਕ ਪ੍ਰਮੁੱਖ ਮਾਲਕ 'ਤੇ ਰਜਿਸਟਰਾਂ ਤੇ ਰਿਕਾਰਡ ਨੂੰ ਬਣਾਈ ਰੱਖਣ ਦੀ ਜੁੰਮੇਵਾਰੀ ਸੀ। ਤਨਖਾਹਾਂ ਦੀ ਜੁੰਮੇਵਾਰੀ ਤੇ ਤਨਖਾਹ ਦੇਣ ਵੇਲੇ ਉਸਦਾ ਪ੍ਰਤੀਨਿਧ ਮੌਜੂਦ ਰਹਿੰਦਾ ਸੀ, ਹੁਣ ਪ੍ਰਮੁੱਖ ਮਾਲਕਾਂ ਨੂੰ ਇਨ੍ਹਾਂ ਜੁੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਹੈ। ਸਿਰਫ ਏਨੀ ਜੁੰਮੇਵਾਰੀ ਹੈ ਕਿ ਜੇਕਰ ਠੇਕੇਦਾਰ ਵਰਕਰਾਂ ਨੂੰ ਤਨਖਾਹ ਨਹੀਂ ਦਿੰਦਾ ਤਾਂ ਤਨਖਾਹ ਦੀ ਅਦਾਇਗੀ ਦੀ ਉਸਦੀ ਜੁੰਮੇਵਾਰੀ ਹੈ। ਇੱਕ ਤਬਦੀਲੀ ਜੋ ਕਰਮਚਾਰੀਆਂ ਨੂੰ ਰਾਹਤ ਪਹੁੰਚਾ ਸਕਦੀ ਹੈ ਕਿ ਹੁਣ ਕੰਟੀਨ, ਆਰਾਮਘਰ ਦੀ ਜੁੰਮੇਵਾਰੀ ਮੁੱਖ ਮਾਲਕ ਦੀ ਹੋਵੇਗੀ। ਅੰਤ ਵਿੱਚ ਠੇਕਾ ਲੇਬਰ ਨੂੰ ਖਤਮ ਕਰਨ ਦਾ ਘੋਸ਼ਿਤ ਉਦੇਸ਼ ਹੁਣ ਚੁੱਪ-ਚਾਪ ਛੱਡ ਦਿੱਤਾ ਗਿਆ ਹੈ। ਬਰਾਬਰ ਕੰਮ ਬਰਾਬਰ ਤਨਖਾਹ ਦਾ ਨਿਯਮ ਵੀ ਇਸਦੇ ਨਾਲ ਹੀ ਖਤਮ ਹੋ ਗਿਆ ਹੈ।

### *ਸਮਾਜਿਕ ਸੁਰੱਖਿਆ ਕੋਡ 2020*

ਇਸ ਵਿੱਚ 9 ਪੁਰਾਣੇ ਕਾਨੂੰਨ ਸ਼ਾਮਲ ਕੀਤੇ ਗਏ ਹਨ। ਜਿਨ੍ਹਾਂ ਵਿੱਚ ਪ੍ਰੋਵੀਡੈਂਟ ਫੰਡ ਐਕਟ 1952, ਕਰਮਚਾਰੀਆਂ ਦਾ ਰਾਜ ਬੀਮਾ ਐਕਟ 1948, ਕਰਮਚਾਰੀ ਮੁਆਵਜਾ ਐਕਟ 1923, ਰੋਜ਼ਗਾਰ ਐਕਸਚੇਂਜ (ਖਾਲੀ ਅਸਾਮੀਆਂ ਦੀ ਲਾਜ਼ਮੀ ਸੂਚਨਾ) ਐਕਟ 1959, ਜਣੇਪਾ ਲਾਭ ਐਕਟ 1961, ਗ੍ਰੈਚੂਟੀ ਐਕਟ 1972, ਸਿਨੇ-ਵਰਕਰਜ਼ ਵੈਲਫੇਅਰ ਐਕਟ 1981, ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਫੈਲਫੇਅਰ ਸੈੱਸ ਐਕਟ 1996, ਅਸੰਗਠਿਤ ਵਰਕਰਾਂ ਦੀ ਸਮਾਜਿਕ ਸੁਰੱਖਿਆ ਐਕਟ 2008, ਇਹ ਕਾਨੂੰਨ ਇਸ ਕੋਡ ਦੇ ਵੱਖਰੇ-ਵੱਖਰੇ ਚੈਪਟਰ

ਬਣ ਗਏ ਹਨ। ਇਨਾਂ ਕਾਨੂੰਨਾਂ ਵਿੱਚ ਕੋਈ ਵੱਡੀ ਤਬਦੀਲੀ ਨਹੀਂ ਕੀਤੀ ਗਈ। ਬੀ.ਓ.ਸੀ. ਐਕਟ ਵਿੱਚ ਇਹ ਵਾਧਾ ਕੀਤਾ ਗਿਆ ਹੈ। ਪ੍ਰਵਾਸੀ ਮਜ਼ਦੂਰ ਹੁਣ ਆਪਣੇ ਰਾਜ ਜਾਂ ਜਿਸ ਰਾਜ ਵਿੱਚ ਉਹ ਕੰਮ ਕਰਦੇ ਹਨ, ਕਿਸੇ ਵੀ ਇੱਕ ਜਗ੍ਹਾ ’ਤੇ ਇਸਦਾ ਲਾਭ ਲੈ ਸਕਣਗੇ। ਪਰ ਇਹ ਕਿਵੇਂ ਲਾਗੂ ਹੋਵੇਗਾ, ਇਸ ਬਾਰੇ ਕਾਨੂੰਨ ਵਿੱਚ ਸਪੱਸ਼ਟਤਾ ਨਹੀਂ ਹੈ। ਇਮਾਰਤ ਅਤੇ ਨਿਰਮਾਣ ਕਾਰਜ ਦੀ ਪ੍ਰੀਭਾਸ਼ਾ ਵਿੱਚ ਇੱਕ ਮੱਦ ਹੋਰ ਜੋੜੀ ਗਈ ਹੈ ਜੋ, “ਜਿੱਥੇ ਕਿਸੇ ਵਿਅਕਤੀ ਜਾਂ ਵਿਅਕਤੀਗਤ ਸਮੂਹ ਦੇ ਆਪਣੇ ਰਿਹਾਇਸ਼ੀ ਉਦੇਸ਼ ਨਾਲ ਸਬੰਧਿਤ ਅਜਿਹੇ ਕੰਮ ਅਤੇ ਅਜਿਹੇ ਕੰਮ ਦੀ ਕੀਮਤ ਪੰਜਾਹ ਲੱਖ ਜਾਂ ਇਸਤੋਂ ਵੱਧ ਰਕਮ ਤੋਂ ਵੱਧ ਨਹੀਂ ਹੁੰਦੀ ਅਤੇ ਅਜਿਹੇ ਕਰਮਚਾਰੀਆਂ ਦੀ ਵੱਧ ਗਿਣਤੀ ਨੂੰ ਰੁਜ਼ਗਾਰ ਦੇ ਤੌਰ ’ਤੇ ਸਬੰਧਤ ਸਰਕਾਰ ਦੁਆਰਾ ਸੂਚਿਤ ਕੀਤਾ ਜਾ ਸਕਦਾ ਹੈ” ਇਮਾਰਤ ਅਤੇ ਨਿਰਮਾਣ ਕਾਰਜਾਂ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਇਸ ਤਰ੍ਹਾਂ ਸਰਕਾਰ ਬੀ.ਓ.ਸੀ. ਦੀ ਪ੍ਰੀਭਾਸ਼ਾ ਨੂੰ ਬਦਲਕੇ ਵਰਕਰਾਂ ਦੇ ਇੱਕ ਹਿੱਸੇ ਨੂੰ ਭਲਾਈ ਲਾਭਾਂ ਤੋਂ ਵਾਂਝਾ ਕਰਨਾ ਚਾਹੁੰਦੀ ਹੈ।

ਇਸ ਕੋਡ ਵਿੱਚ ਕੁੱਝ ਗਲਤਫਹਿਮੀ ਪੈਦਾ ਕੀਤੀ ਗਈ ਹੈ ਕਿ ਗਰੈਚੂਟੀ ਪ੍ਰਾਪਤ ਕਰਨ ਲਈ 5 ਸਾਲਾਂ ਦੀ ਸੇਵਾ ਦੀ ਜਰੂਰਤ ਨੂੰ ਦੁਰਕਾਰ ਦਿੱਤਾ ਗਿਆ ਹੈ, ਇਹ ਅਜਿਹਾ ਨਹੀਂ ਹੈ ਅਤੇ ਜਰੂਰਤ ਅਜੇ ਵੀ ਹੈ। ਸਿਰਫ ਨਿਰਧਾਰਤ ਮਿਆਦ ਦੇ ਰੁਜਗਾਰ ਕਾਮਿਆਂ ਦੇ ਮਾਮਲੇ ਵਿੱਚ ਇਸ ਲੋੜ ਨੂੰ ਇੱਕ ਸਾਲ ਤੱਕ ਘਟਾ ਦਿੱਤਾ ਗਿਆ ਹੈ।

### *ਤਨਖਾਹ ਕੋਡ 2019*

### *The Code on wages 2019*

2019 ਵਿੱਚ ਸੰਸਦ ਦੁਆਰਾ ਵੇਜ ਕੋਡ ਪਾਸ ਕਰ ਦਿੱਤਾ ਗਿਆ ਸੀ। ਇਸ ਵਿੱਚ ਚਾਰ ਪੁਰਾਣੇ ਕਾਨੂੰਨ ਇਕੱਠੇ ਕੀਤੇ ਗਏ ਹਨ। ਪੇਮੈਂਟ ਆਫ ਵੇਜ ਐਕਟ 1936, ਘੱਟੋ-ਘੱਟ ਉਜਰਤ ਕਾਨੂੰਨ 1948, ਪੇਮੈਂਟ ਆਫ ਬੋਨਸ ਕਾਨੂੰਨ 1965, ਬਰਾਬਰ ਮਿਹਨਤਾਨਾ ਐਕਟ 1976 ਸ਼ਾਮਲ ਹਨ, ਜੋ ਵੱਖ-ਵੱਖ ਚੈਪਟਰ ਦੇ ਰੂਪ ’ਚ ਸ਼ਾਮਲ ਹਨ। ਸੂਬਾ ਸਰਕਾਰਾਂ ਘੱਟੋ-ਘੱਟ ਉਜਰਤ ਕਾਨੂੰਨ 1948 ਅਨੁਸਾਰ ਕੇਂਦਰੀ ਅਦਾਰਿਆਂ ਨੂੰ ਛੱਡਕੇ ਘੱਟੋ-ਘੱਟ ਉਜਰਤਾਂ ਤਹਿ ਕਰਦੀਆਂ ਸਨ, ਹੁਣ ਇਹ ਕੋਡ ‘ਫਿਲੋਰ ਵੇਜ’ ਦੀ ਇੱਕ ਨਵੀਂ ਧਾਰਨਾ ਪੇਸ਼ ਕਰਦਾ ਹੈ। ਕੇਂਦਰੀ ਸਰਕਾਰ ਘੱਟੋ-ਘੱਟ ਉਜਰਤ ਤਹਿ ਕਰੇਗੀ। ਰਾਜ ਸਰਕਾਰਾਂ ਉਸ ਉਜਰਤ ਤੋਂ ਘੱਟ ਉਜਰਤ ਨਹੀਂ ਤਹਿ ਕਰ ਸਕਣਗੀਆਂ, ਵੱਧ ਤਹਿ ਕਰ ਸਕਦੀਆਂ ਹਨ। ਕੋਡ ਵਿੱਚ ਇਹ ਕਿਤੇ ਪ੍ਰੀਭਾਸ਼ਤ ਨਹੀਂ ਹੈ ਕਿ ‘ਫਿਲੋਰ ਵੇਜ’ ਨਿਰਧਾਰਤ ਕਰਨ ਦਾ ਕੀ ਅਧਾਰ ਹੋਵੇਗਾ। ਇਸ ਵਿੱਚ ਇਹ ਸੰਭਾਵਨਾ ਹੈ ਕਿ ‘ਫਿਲੋਰ ਵੇਜ’, ਰਾਜਾਂ ਦੁਆਰਾ ਨਿਰਧਾਰਤ ਤੈਅ ਕੀਤੀ ਗਈ ਘੱਟੋ-ਘੱਟ ਉਜਰਤ ਬਣ ਜਾਵੇਗੀ। ਇਸ ਨਾਲ ਦੇਸ਼ ਭਰ ਵਿੱਚ ਉਜਰਤਾਂ ਇੱਕ ਨਹੀਂ ਹੋਣਗੀਆਂ। ਮਨਰੇਗਾ ਮਜ਼ਦੂਰੀ ਨੂੰ ਵਿਸ਼ੇਸ਼ ਤੌਰ ’ਤੇ ਇਸ ਕੋਡ ਤੋਂ ਬਾਹਰ ਰੱਖਿਆ ਗਿਆ ਹੈ ਜਿਸ ਨਾਲ ਇਹ ਸੁਨਿਸ਼ਚਿਤ ਕੀਤਾ ਗਿਆ ਹੈ ਕਿ ਮਨਰੇਗਾ ਕਾਮਿਆਂ ਨੂੰ ਘੱਟੋ-ਘੱਟ ਉਜਰਤ ਤੋਂ ਵੀ ਘੱਟ ਭੁਗਤਾਨ ਕੀਤਾ ਜਾਵੇਗਾ। ਸਰਕਾਰ ਦਾਅਵਾ ਕਰਦੀ ਹੈ ਕਿ ਉਹ ਕਿਰਤ ਕਾਨੂੰਨਾਂ ਨੂੰ ਤਰਕਸੰਗਤ ਬਣਾਉਣ ਲਈ ਕੋਡ ਬਣਾ ਰਹੀ ਹੈ। ਪਰ ਇਸ ਕੋਡ ਵਿੱਚ ਕਿਤੇ ਪ੍ਰਭਾਸ਼ਤ ਨਹੀਂ ਹੈ ਕਿ ਘੱਟੋ-ਘੱਟ ਉਜਰਤ ਨਿਰਧਾਰਤ ਕਰਨ ਲਈ ਕੀ ਮਾਪਦੰਡ ਹੋਣਗੇ। ਜਦੋਂਕਿ 1957 ਵਿੱਚ 15ਵੀਂ ਭਾਰਤੀ ਮਜ਼ਦੂਰ ਕਾਨਫਰੰਸ ਵਿੱਚ ਇਸਨੂੰ ਪ੍ਰਭਾਸ਼ਿਤ ਕੀਤਾ ਗਿਆ ਹੈ ਅਤੇ ਬਾਅਦ ਵਿੱਚ ਸੁਪਰੀਮ ਕੋਰਟ ਦੇ ਵੱਖ-ਵੱਖ ਫੈਸਲਿਆਂ ਦੁਆਰਾ ਇਸਨੂੰ ਸੋਧਿਆ ਤੇ ਅੱਪਡੇਟ ਕੀਤਾ ਗਿਆ ਸੀ। ਇਸ ਕੋਡ ਦੇ ਅਧੀਨ ਇੰਸਪੈਕਟਰ ਨੂੰ ਵੀ ਸਹੂਲਤ ਦੇਣ ਵਾਲਾ ‘ਫੈਸਿਲੀਟੇਟਰ’ ਬਣਾ ਦਿੱਤਾ ਗਿਆ ਹੈ।

ਭਾਵੇਂ ਪੁਰਾਣੇ ਕਿਰਤ ਕਾਨੂੰਨ ਕੋਈ ਹਾਕਮਾਂ ਵੱਲੋਂ ਦਿੱਤਾ ਗਿਆ ਤੋਹਫਾ ਨਹੀਂ ਸਨ। ਮਜ਼ਦੂਰ ਜਮਾਤ ਦੇ ਪੁਰਖਿਆਂ ਦੁਆਰਾ ਕੀਤੇ ਸੰਘਰਸ਼ ਤੇ ਕੁਰਬਾਨੀਆਂ ਦਾ ਸਿੱਟਾ ਸੀ। ਕੇਂਦਰ ਦੀ ਸਰਕਾਰ ਵੱਲੋਂ ਇਨਾਂ ਕਾਨੂੰਨਾਂ ਨੂੰ ਚਾਰ ਲੇਬਰ ਕੋਡਾਂ ਵਿੱਚ ਦੁਬਾਰਾ ਸੰਗਠਤ ਕੀਤਾ ਗਿਆ ਹੈ। ਇਸ ਪ੍ਰਕਿਰਿਆ ਵਿੱਚ ਮਜ਼ਦੂਰਾਂ ਦੇ ਬਹੁਤ ਸਾਰੇ ਦਿੱਤੇ ਅਧਿਕਾਰਾਂ, ਖਾਸ ਕਰਕੇ ਜੱਥੇਬੰਦ ਕਰਨ ਦੇ ਅਧਿਕਾਰ ਅਤੇ ਸੰਘਰਸ਼ ਦੇ ਅਧਿਕਾਰਾਂ ਉੱਤੇ ਹਮਲੇ ਕੀਤੇ ਗਏ ਹਨ। ਸਰਕਾਰ ਦਾ ਉਦੇਸ਼ ਦੇਸੀ-ਵਿਦੇਸ਼ੀ ਕਾਰਪੋਰੇਟ ਲਈ ਲੇਬਰ ਦੀਆਂ ਕੀਮਤਾਂ ਨੂੰ ਘਟਾਉਣਾ ਹੈ। ਸਥਾਈ ਨੌਕਰੀਆਂ ਵਿੱਚ ਭਾਰੀ ਕਮੀ ਕਰਨਾ, ਆਊਟਸੋਰਸਿੰਗ ਵਿੱਚ ਵਾਧਾ ਕਰਨਾ, ਠੇਕੇਦਾਰੀਕਰਨ ਕਰਨਾ, ਤਨਖਾਹਾਂ ਘਟਾਉਣਾ, ਕੰਮਕਾਜੀ ਹਾਲਤਾਂ, ਸੁਰੱਖਿਆ, ਭਲਾਈ ਤੋਂ ਪੱਲਾ ਝਾੜਨਾ ਹੈ। ਇਹ ਯਕੀਨੀ ਬਣਾਉਣਾ ਹੈ ਜਿਸ ਨਾਲ ਮਾਲਕਾਂ ਦਾ ਖਰਚਾ ਘਟ ਜਾਵੇ ਅਤੇ ਮੁਨਾਫਾ ਵੱਧ ਜਾਵੇ। ਕਾਨੂੰਨ ਲਾਗੂ ਕਰਨ ਵਾਲੀ ਮਸ਼ੀਨਰੀ ਕਿਰਤ ਵਿਭਾਗ ਨੂੰ ਕਮਜ਼ੋਰ ਕਰਨਾ ਹੈ, ਜਿਹੜੀ ਪਹਿਲੋਂ ਹੀ ਬਹੁਤ ਕਮਜ਼ੋਰ ਹੈ। ਕਿਰਤ ਕਾਨੂੰਨਾਂ ਵਿੱਚ ਇਹ ਤਬਦੀਲੀਆਂ ਮਜ਼ਦੂਰ ਜਮਾਤ ਸਾਹਮਣੇ ਇੱਕ ਗੰਭੀਰ ਚੁਣੌਤੀ ਬਣ ਗਈਆਂ ਹਨ। ਕਿਰਤੀਆਂ ਦੀਆਂ ਜੱਥੇਬੰਦੀਆਂ ਨੂੰ ਇੱਕ ਵਿਆਪਕ ਸਾਂਝਾ ਮੋਰਚਾ ਬਣਾ ਕੇ, ਦ੍ਰਿੜ ਤੇ ਨਿਰੰਤਰ ਸੰਘਰਸ਼ ਸਮੇਂ ਦੀ ਲੋੜ ਹੈ।

## ਗਲੋਬਲ ਹੰਗਰ ਇੰਡੈਕਸ ਰਿਪੋਰਟ

# ਭੁੱਖ ਨਾਲ ਘੁਲਦਾ ਭਾਰਤ

ਇੱਕ ਸਿਹਤਮੰਦ, ਨਰੋਏ ਅਤੇ ਖੁਸ਼ਹਾਲ ਸਮਾਜ ਵਾਸਤੇ ਕਿਸੇ ਵੀ ਕਿਸਮ ਦੇ ਵਿਤਕਰੇ ਅਤੇ ਕਾਣੀ ਵੰਡ ਤੋਂ ਮੁਕਤ ਜਮਹੂਰੀ ਅਤੇ ਨਿਆਂਪੂਰਨ ਪ੍ਰਬੰਧ ਦਾ ਹੋਣਾ ਜ਼ਰੂਰੀ ਹੈ। ਅਜਿਹਾ ਪ੍ਰਬੰਧ ਹੀ ਆਪਣੇ ਸੋਮਿਆਂ ਅਤੇ ਸਾਧਨਾਂ ਨੂੰ ਅਜਿਹੇ ਨਿਆਂਪੂਰਨ ਢੰਗ ਨਾਲ ਵਰਤੋਂ ਵਿੱਚ ਲਿਆ ਕੇ ਆਪਣੇ ਨਾਗਰਿਕਾਂ ਨੂੰ ਇੱਕ ਚੰਗੀ ਅਤੇ ਰਿਸ਼ਟ-ਪੁਸ਼ਟ ਜ਼ਿੰਦਗੀ ਦੇ ਸਕਦਾ ਹੈ। ਭਾਰਤ ਵਰਗੇ ਜਮਾਤੀ ਪ੍ਰਬੰਧ ਵਾਲੇ ਦੇਸ਼ ਵਿੱਚ ਜਿੱਥੇ ਕਰੋੜਾਂ ਲੋਕ ਜੀਵਨ ਦੀਆਂ ਬੁਨਿਆਦੀ ਜਰੂਰਤਾਂ - ਰੋਟੀ, ਕੱਪੜਾ, ਵਿੱਦਿਆ, ਸਿਹਤ ਅਤੇ ਮਕਾਨ ਤੋਂ ਵਾਂਝੇ ਜਾਂ ਘਾਟ ਦਾ ਸ਼ਿਕਾਰ ਹਨ, ਕਿਵੇਂ ਇੱਕ ਸਿਹਤਮੰਦ ਅਤੇ ਰਿਸ਼ਟ-ਪੁਸ਼ਟ ਜ਼ਿੰਦਗੀ ਬਸਰ ਕਰ ਸਕਦੇ ਹਨ ? ਬੇਸ਼ੱਕ ਨਰੇਂਦਰ ਮੋਦੀ ਨੇ 2014 ਮਗਰੋਂ ਅਥਾਹ ਵਿਕਾਸ ਅਤੇ ਖੁਸ਼ਹਾਲੀ ਦੇ ਸੋਹਲੇ ਗਾਏ, ਦੇਸ਼ ਦੇ 5 ਟ੍ਰਿਲੀਅਨ ਡਾਲਰ ਦੀ ਮਜਬੂਤ ਅਰਥ ਵਿਵਸਥਾ ਬਣ ਜਾਣ ਦੀ ਜੁਮਲੇਬਾਜੀ ਕੀਤੀ ਪਰ ਇਹ ਇੱਕ ਕੌੜਾ ਸੱਚ ਹੈ ਕਿ ਦੇਸ਼ ਦੇ ਕਰੋੜਾਂ ਲੋਕਾਂ ਨੂੰ ਪੇਟ ਦੀ ਅੱਗ ਬੁਝਾਉਣ ਖਾਤਰ ਨਿੱਤ-ਨਵੇਂ ਜਫਰ ਜਾਲਣੇ ਪੈਂਦੇ ਹਨ। ਇਸ ਕੌੜੀ ਸੱਚਾਈ ਤੋਂ ਪਰਦਾ ਚੁੱਕਦਿਆਂ ਸੰਸਾਰ ਭੁੱਖ ਸੂਚੀ (ਗਲੋਬਲ ਹੰਗਰ ਇੰਡੈਕਸ) ਦੀ 16 ਅਕਤੂਬਰ 2020 ਨੂੰ ਜਾਰੀ ਰਿਪੋਰਟ ਨੇ ਦੱਸ ਦਿੱਤਾ ਹੈ ਕਿ 107 ਦੇਸ਼ਾਂ ਵਿੱਚ ਸਾਡਾ ਰੈਂਕ 94ਵਾਂ ਹੈ। ਅਸੀਂ 27.2 ਅੰਕ ਨਾਲ ਭੁੱਖ ਸੂਚੀ 'ਚ ਚਿੰਤਾਜਨਕ ਕੈਟਾਗਰੀ ਦੇ ਪੈਮਾਨੇ 'ਤੇ ਖੜੇ ਹਾਂ।

ਸੰਸਾਰ ਭੁੱਖ ਸੂਚੀ ਨੂੰ ਬਣਾਉਣ ਲਈ ਚਾਰ ਜਰੂਰੀ ਮਾਪਦੰਡ ਹਨ ਜਿਸ ਅਨੁਸਾਰ ਅੰਕ ਮਿਲਦੇ ਹਨ। ਇਨ੍ਹਾਂ ਮਾਪਦੰਡਾਂ ਵਿੱਚ ਖੁਰਾਕ ਦੀ ਘਾਟ ਅਤੇ ਅਸੰਤੁਲਿਤ ਭੋਜਨ, 5 ਸਾਲ ਤੱਕ ਬੱਚਿਆਂ ਦੀ ਮੌਤ ਦਰ, ਉਨ੍ਹਾਂ ਦੇ ਕੱਦਕਾਠ ਦੇ ਹਿਸਾਬ ਨਾਲ ਭਾਰ ਅਤੇ ਉਮਰ ਦੇ ਹਿਸਾਬ ਨਾਲ ਕੱਦ ਦਾ ਮੈਪਾਨਾ ਮਿੱਥ ਕੇ ਸਰੀਰਕ ਵਿਕਾਸ ਅਤੇ ਨਿਰੋਗਤਾ ਦੇ ਪੱਧਰ ਨੂੰ ਦੇਖਿਆ ਜਾਂਦਾ ਹੈ। ਇਸ ਸਾਲ ਦੀ ਸੂਚੀ ਅਨੁਸਾਰ ਭਾਰਤ ਵਿੱਚ 14% ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। 17.3% ਬੱਚੇ ਕੱਦ ਮੁਤਾਬਿਕ ਭਾਰ ਨਾ ਹੋਣ ਅਤੇ 34.7% ਬੱਚੇ ਉਮਰ ਦੇ ਮੁਤਾਬਿਕ ਕੱਦ ਨਾ ਵਧਣ ਦੀ ਕਮਜ਼ੋਰੀ ਦੇ ਸ਼ਿਕਾਰ ਹਨ। ਪੰਜ ਸਾਲ ਤੱਕ ਮੌਤ ਦਰ 3.7% ਹੋਣਾ ਵੀ ਇੱਕ ਬੇਹੱਦ ਚਿੰਤਾਜਨਕ ਫੈਕਟਰ ਹੈ। ਉਪਰੋਕਤ ਅੰਕੜੇ ਸਾਬਤ ਕਰਦੇ ਹਨ ਕਿ ਭਾਰਤ ਵਿੱਚ ਲੋਕ ਖਾਸ ਕਰਕੇ ਬੱਚੇ ਵੱਡੀ ਪੱਧਰ 'ਤੇ ਭੋਜਨ ਖਾਸ ਕਰਕੇ ਸੰਤੁਲਿਤ ਭੋਜਨ ਦੀ ਕਮੀ ਦਾ ਸ਼ਿਕਾਰ ਹਨ, ਜੋ ਮੋੜਵੇਂ ਰੂਪ ਵਿੱਚ ਉਨਾਂ ਦੇ ਸਰੀਰਕ, ਮਾਨਸਿਕ ਅਤੇ ਬੌਧਿਕ ਵਿਕਾਸ ਨੂੰ ਨਾਂਹ-ਪੱਖੀ ਰੂਪ 'ਚ ਪ੍ਰਭਾਵਿਤ ਕਰਦਾ ਹੈ।

ਇਸ ਮਾਮਲੇ ਵਿੱਚ ਚੀਨ, ਬੇਲਾਰੂਸ, ਯੂਕਰੇਨ, ਤੁਰਕੀ, ਕਿਊਬਾ ਆਦਿ ਦੇਸ਼ ਬੇਹਤਰ ਸਥਿਤੀ ਵਿੱਚ ਹਨ। ਸਾਡੇ ਤੋਂ ਕਮਜ਼ੋਰ ਦੇਸ਼ ਵੀ ਇਸ ਮਾਮਲੇ ਵਿੱਚ ਕਿਤੇ ਬੇਹਤਰ ਸਥਿਤੀ ਵਿੱਚ ਹਨ। ਗਵਾਂਢੀ ਦੇਸ਼ ਸ਼੍ਰੀ ਲੰਕਾ 16.3 ਅੰਕ ਲੈ ਕੇ 64ਵੇਂ ਸਥਾਨ ਉੱਪਰ, ਨੇਪਾਲ 19.5 ਅੰਕਾਂ ਨਾਲ 73ਵੇਂ ਸਥਾਨ ਅਤੇ ਬੰਗਲਾਦੇਸ਼ 20.4 ਅੰਕ ਲੈ ਕੇ 75ਵੇਂ ਸਥਾਨ 'ਤੇ ਹੈ। ਇੱਥੋਂ ਤੱਕ ਕਿ ਸਾਡੇ ਤੋਂ ਕਿਤੇ ਵੱਧ ਪਛੜਿਆ ਦੇਸ਼ ਪਾਕਿਸਤਾਨ ਵੀ 24.6 ਅੰਕ ਲੈ ਕੇ 88ਵੇਂ ਸਥਾਨ 'ਤੇ ਸਾਡੇ ਤੋਂ ਬੇਹਤਰ ਪੁਜੀਸ਼ਨ 'ਚ ਹੈ। ਭਾਰਤ, ਰਵਾਂਡਾ, ਨਾਇਜੀਰੀਆ ਅਤੇ ਅਫਗਾਨਿਸਤਾਨ ਵਰਗੇ ਦੇਸ਼ਾਂ ਤੋਂ ਥੋੜਾ ਹੀ ਬੇਹਤਰ ਸਾਬਿਤ ਹੋ ਸਕਿਆ। ਮੋਟੇ ਰੂਪ ਵਿੱਚ ਸੰਸਾਰ ਭੁੱਖ ਸੂਚੀ ਅਨੁਸਾਰ ਅਫਰੀਕੀ ਮਹਾਂਦੀਪ ਦਾ ਜਿਆਦਾਰ ਹਿੱਸਾ ਅਤੇ ਦੱਖਣ ਏਸੀਆ ਦੇ ਦੇਸ਼ਾਂ ਦੀ ਸਥਿਤੀ ਚਿੰਤਾਜਨਕ ਜਾਂ ਉਸਤੋਂ ਹੇਠਲੇ ਪੱਧਰ 'ਤੇ ਸਾਹਮਣੇ ਆਈ ਹੈ। ਇਸ ਰਿਪੋਰਟ ਨੇ ਸੰਸਾਰ ਪੱਧਰ 'ਤੇ ਅਸਾਵੇਂ ਵਿਕਾਸ ਵਾਲੀ ਪੂੰਜੀਵਾਦੀ ਪ੍ਰਣਾਲੀ ਦੇ ਸਾਮਰਾਜੀ ਕੋਹੜ ਨੂੰ ਵੀ ਜੱਗ ਜਾਹਿਰ ਕੀਤਾ ਹੈ ਜਿਸ ਵਿੱਚ ਸੰਸਾਰ ਦੀ ਵਸੋਂ ਦਾ ਇੱਕ ਵੱਡਾ ਹਿੱਸਾ ਜੀਵਨ ਦੀਆਂ ਬੁਨਿਆਦੀ ਲੋੜਾਂ ਰੋਟੀ, ਕੱਪੜਾ, ਮਕਾਨ ਤੋਂ ਹੀ ਵਾਂਝਾ ਹੈ।

ਕਹਿਣ ਨੂੰ ਤਾਂ ਭਾਰਤ ਵਿੱਚ ਸਸਤੇ ਅਨਾਜ ਦੀ ਉਪਲੱਭਧਤਾ ਲਈ ਜਨਤਕ ਵੰਡ ਪ੍ਰਣਾਲੀ ਤਹਿਤ ਰਾਸ਼ਨ ਡਿੱਪੂ ਖੋਹਲੇ ਗਏ ਹਨ। 2013 ਵਿੱਚ ਕੌਮੀ ਭੋਜਨ ਸੁਰੱਖਿਆ ਕਾਨੂੰਨ ਬਣਾ ਕੇ 75% ਪੇਂਡੂ ਅਤੇ 50% ਸ਼ਹਿਰੀ ਵਸੋਂ ਨੂੰ ਜਨਤਕ ਵੰਡ-ਪ੍ਰਣਾਲੀ ਰਾਹੀਂ ਅਨਾਜ ਸੁਰੱਖਿਆ ਮੁਹੱਈਆ ਕੀਤੀ ਗਈ ਹੈ। ਨਰੇਂਦਰ ਮੋਦੀ ਦੀ ਭਾਜਪਾ ਸਰਕਾਰ ਨੇ ਤਾਂ 2018 'ਚ ਬੱਚਿਆਂ ਨੂੰ ਖੁਰਾਕੀ ਤੱਤਾਂ ਨਾਲ ਭਰਪੂਰ ਸੰਤੁਲਿਤ ਭੋਜਨ ਦੇਣ ਲਈ ਪੋਸ਼ਣ ਅਭਿਆਨ ਵੀ ਚਲਾਇਆ ਹੈ ਪਰ ਇਨ੍ਹਾਂ ਸਾਰੀਆਂ ਸਕੀਮਾਂ ਅਤੇ ਕਾਨੂੰਨਾਂ ਦੇ ਬਾਵਜੂਦ ਭਾਰਤ 'ਚ ਭੁੱਖਮਰੀ ਜਾ ਅਰਧ-ਭੁੱਖਮਰੀ ਮੌਜੂਦ ਹੈ ਅਤੇ ਜੇਕਰ ਇਸਨੂੰ ਚੰਦ ਸਕੀਮਾਂ ਅਤੇ ਕਾਨੂੰਨਾਂ ਨਾਲ ਦੂਰ ਕੀਤਾ ਜਾ

ਸਕਦਾ ਹੁੰਦਾ ਤਾਂ ਹੁਣ ਤੱਕ ਕਦੋਂ ਦਾ ਇਸਦਾ ਫਸਤਾ ਵੱਢਿਆ ਜਾਂਦਾ ਪਰ ਅਜਿਹਾ ਹੋਇਆ ਨਹੀਂ, ਕਿਉਂ?

ਭਾਰਤ ਇੱਕ ਅਰਧ-ਜਗੀਰੂ ਅਤੇ ਅਰਧ-ਬਸਤੀਵਾਦੀ ਦੇਸ਼ ਹੈ। ਜਿਸ ਵਿੱਚ ਦੇਸ਼ ਦੇ ਆਜ਼ਾਦ ਅਤੇ ਆਤਮ-ਨਿਰਭਰ ਵਿਕਾਸ ਨੂੰ ਮੁਲਕ ਦੇ ਕਰਤੇ-ਧਰਤਿਆਂ ਨੇ ਸਾਮਰਾਜ ਦੀ ਅਧੀਨਗੀ ਨਾਲ ਨਰੜ ਕੇ ਨਾਗਵਲ ਮਾਰਿਆ ਹੋਇਆ ਹੈ। ਇਨ੍ਹਾਂ ਦੀ ਦਿਲਚਸਪੀ ਦੇਸ਼ ਨੂੰ ਪਛੜੇਵੇਂ ਮਾਰਾ ਰੱਖ ਕੇ ਸਾਧਨਾਂ ਅਤੇ ਸੋਮਿਆਂ ਦੀ ਲੁੱਟ-ਖਸੁੱਟ ਕਰਨ ਦੀ ਹੈ। ਜਿਸ ਵਿੱਚ ਵਸੋਂ ਦਾ ਇੱਕ ਵੱਡਾ ਹਿੱਸਾ ਪੇਂਡੂ ਆਰਥਿਕਤਾ ਭਾਵ ਖੇਤੀਬਾੜੀ 'ਤੇ ਨਿਰਭਰ ਹੈ। ਖੇਤੀਬਾੜੀ ਲਈ ਜ਼ਰੂਰੀ ਪੈਦਾਵਾਰੀ ਸਾਧਨ ਜ਼ਮੀਨ ਦੀ ਕਾਣੀ ਵੰਡ ਕਾਰਨ ਬਹੁਤਾ ਹਿੱਸਾ ਬੇਜ਼ਮੀਨਾ ਜਾਂ ਥੁੜਜ਼ਮੀਨਾ ਹੈ ਸਿੱਟੇ ਵਜੋਂ ਖੇਤੀ ਤੇ ਨਿਰਭਰ ਵਸੋਂ ਦਾ ਬਹੁਤਾ ਹਿੱਸਾ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਸੋਮੇ ਅਤੇ ਸਾਧਨਾਂ ਤੋਂ ਮਹਿਰੂਮ ਹੈ। ਖੇਤੀ 'ਤੇ ਵਸੋਂ ਦੀ ਵਧੇਰੇ ਨਿਰਭਰਤਾ ਨੂੰ ਘਟਾਉਣ ਲਈ ਸਨਅਤੀਕਰਨ ਲੋੜੀਂਦਾ ਹੈ ਪਰ ਸਾਮਰਾਜ 'ਤੇ ਨਿਰਭਰ ਹਾਕਮ ਅਜਿਹਾ ਕਰਨੋ ਇਨਕਾਰੀ ਹਨ, ਸਿੱਟੇ ਵਜੋਂ ਬੇਰੁਜ਼ਗਾਰੀ ਅਤੇ ਗਰੀਬੀ ਵਿਕਰਾਲ ਰੂਪ 'ਚ ਸਾਡੇ ਸਮਾਜ ਵਿੱਚ ਮੌਜੂਦ ਹਨ ਜਿਸਦਾ ਸਿੱਧਾ ਅਸਰ ਖੁਰਾਕੀ ਲੋੜਾਂ ਪੂਰੀਆਂ ਨਾ ਹੋਣ ਵਿੱਚ ਨਿਕਲਦਾ ਹੈ। ਇਸਦੇ ਨਾਲ ਹੀ ਵਿੱਦਿਆ ਦੀ ਘਾਟ, ਜਗੀਰੂ ਮਾਨਸਿਕਤਾ ਤਹਿਤ ਕੁੜੀ-ਮੁੰਡੇ ਵਿੱਚ ਵਖਰੇਵਾਂ ਜਾਤ-ਪਾਤੀ ਵਿਵਸਥਾ ਆਦਿ ਵੀ ਇਸ ਭੁੱਖਮਰੀ ਦੀ ਹਾਲਤ ਨੂੰ ਹੋਰ ਬੁਰਾ ਬਣਾਉਂਦੇ ਹਨ।

ਬੀਤੇ ਸਮੇਂ ਵਿੱਚ ਦੇਸ਼ ਦੇ ਹੁਕਮਰਾਨਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਸੰਸਾਰੀਕਰਨ, ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਆਰਥਿਕ ਨੀਤੀਆਂ ਵੀ ਇਸ ਅਵਸਥਾ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਜਨਤਕ ਵੰਡ ਪ੍ਰਣਾਲੀ ਰਾਹੀਂ ਸਸਤਾ ਅਨਾਜ ਮੁਹੱਈਆ ਕਰਵਾਉਣ ਦੀ ਸਾਰੀ ਅਵਸਥਾ ਨੂੰ ਕਦਮ-ਬ-ਕਦਮ ਖੋਰਾ ਲਾ ਕੇ ਭੋਗ ਪਾਇਆ ਜਾ ਰਿਹਾ। ਇਸ ਲਈ ਸਬਸਿਡੀਆਂ ਨੂੰ ਤਰਕ-ਸੰਗਤ ਬਣਾਉਣ ਦਾ ਤਰਕ ਦੇ ਕੇ ਸੀਮਤ ਕੀਤਾ ਜਾ ਰਿਹਾ ਹੈ। ਲੋੜਵੰਦ ਲੋਕਾਂ ਦੇ ਘੇਰੇ ਨੂੰ ਛਾਨਣਾ ਲਾਉਣ ਲਈ ਗਰੀਬੀ ਰੇਖਾ ਦੇ ਪੈਮਾਨੇ ਨੂੰ ਬਦਲ ਦਿੱਤਾ ਗਿਆ। ਅਧਾਰ ਖਾਤੇ ਨਾਲ ਇਨ੍ਹਾਂ ਨੂੰ ਲਿੰਕ ਕਰਨ ਅਤੇ ਸਿੱਧੀ ਅਦਾਇਗੀ ਵਰਗੇ ਕਦਮ ਪੁੱਟ ਕੇ ਜਨਤਕ ਵੰਡ ਪ੍ਰਣਾਲੀ ਸਿਸਟਮ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ।

2014 ਵਿੱਚ ਜਦੋਂ ਦੀ ਭਾਜਪਾ ਕੇਂਦਰ ਦੀ ਸੱਤਾ 'ਤੇ ਬਿਰਾਜਮਾਨ ਹੋਈ ਹੈ, ਉਦੋਂ ਤੋਂ ਫਾਸ਼ੀਵਾਦ ਦੇ ਆਰਥਿਕ ਹਮਲੇ ਦੀ ਧਾਰ ਹੋਰ ਤਿੱਖੀ ਕਰ ਦਿੱਤੀ ਗਈ ਹੈ। ਇਸ ਹਮਲੇ ਨੂੰ ਤਿੱਖਾ ਕਰਨ ਲਈ ਕਾਰਪੋਰੇਟ ਪਹਿਲਾਂ ਹੀ ਤਰਲੋਮੱਛੀ ਹੋ ਰਹੇ ਸਨ। ਗੁਜਰਾਤ-ਮਾਡਲ ਨੂੰ ਲਾਗੂ ਕਰਕੇ ਨਰੇਂਦਰ ਮੋਦੀ ਨੇ ਉਨ੍ਹਾਂ ਨੂੰ ਪਹਿਲਾਂ ਹੀ ਇਹ ਜਚਾਇਆ ਕਿ ਉਨ੍ਹਾਂ ਦੇ ਹਿੱਤ ਲਈ ਭਾਜਪਾ ਤੇ ਨਰੇਂਦਰ ਮੋਦੀ ਹੀ ਢੁੱਕਵੇਂ ਹਨ। ਹੁਣ ਤਿੰਨ ਖੇਤੀ ਕਾਨੂੰਨਾਂ ਰਾਹੀਂ ਦੇਸ਼ ਦੀ ਅਨਾਜ ਸੁਰੱਖਿਆ ਸਮੇਤ ਸਮੁੱਚੇ ਖੇਤੀ ਅਰਥਚਾਰੇ ਨੂੰ ਕਾਰਪੋਰੇਟ ਖੇਤਰ ਦੇ ਹਵਾਲੇ ਕਰਨ ਦਾ ਪ੍ਰੋਗਰਾਮ ਵਿੱਢ ਦਿੱਤਾ ਗਿਆ ਹੈ। ਇਨ੍ਹਾਂ ਕਾਨੂੰਨਾਂ ਕਾਰਨ ਗਰੀਬ-ਦਰਮਿਆਨਾ ਕਿਸਾਨ, ਪੇਂਡੂ ਮਜ਼ਦੂਰ ਅਤੇ ਹੋਰ ਕਿਰਤੀ ਅਤੇ ਦੁਕਾਨਦਾਰ ਤਬਾਹ ਹੋਣਗੇ। ਉਨ੍ਹਾਂ ਦੀ ਰੋਜੀ-ਰੋਟੀ ਦਾ ਵਸੀਲਾ ਉਹਨਾਂ ਤੋਂ ਖੁੱਸ ਜਾਵੇਗਾ, ਸਿੱਟੇ ਵਜੋਂ ਵਸੋਂ ਦੇ ਇੱਕ ਵੱਡੇ ਹਿੱਸੇ ਦੀ ਰਹਿੰਦੀ-ਖੂੰਹਦੀ ਭੋਜਨ ਸੁਰੱਖਿਆ ਵੀ ਦਾਅ 'ਤੇ ਲੱਗੇਗੀ। ਇਸ ਅਵਸਥਾ ਵਿੱਚ ਸੰਸਾਰ ਭੁੱਖ ਸੂਚੀ ਵਿੱਚ ਭਾਰਤ ਦਾ ਰੈਂਕ ਸੁਧਰਨ ਦੇ ਕੋਈ ਆਸਾਰ ਨਹੀਂ ਹਨ।

**ਫਿਰ ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਕੀ ਭਾਰਤ ਦੀ ਵਿਸ਼ਾਲ ਲੋਕਾਈ ਇਸੇ ਤਰ੍ਹਾਂ ਹੀ ਭੁੱਖਮਰੀ ਨਾਲ ਘੁਲਦੀ ਰਹੇਗੀ? ਕੀ ਇਸਦਾ ਕੋਈ ਹੱਲ ਹੈ? ਦੇਸ਼ ਦੇ ਹਰੇਕ ਬਸ਼ਿੰਦੇ ਲਈ ਭਰ ਪੇਟ ਅਤੇ ਸੰਤੁਲਿਤ ਭੋਜਨ ਮੁਹੱਈਆ ਹੋ ਸਕਦਾ। ਇਸਦੇ ਰਾਹ ਵਿੱਚ ਇੱਕ ਵੱਡੀ ਰੁਕਾਵਟ ਭਾਜਪਾ ਦਾ ਫਾਸ਼ੀਵਾਦੀ ਹਮਲਾ ਹੈ। ਇਸ ਹਮਲੇ ਨੂੰ ਫੌਰੀ ਤੌਰ 'ਤੇ ਠੱਲਣ ਤੋਂ ਇਲਾਵਾ ਸਾਡੇ ਲਈ ਅਰਧ-ਜਗੀਰੂ ਅਰਧ-ਬਸਤੀ ਨਿਜ਼ਾਮ ਨੂੰ ਬੁਨਿਆਦੀ ਤੌਰ 'ਤੇ ਬਦਲ ਕੇ ਸਮਾਜ ਦਾ ਜਮਹੂਰੀ ਕਾਇਆਕਲਪ ਕਰਨ ਦੀ ਅਟੱਲ ਲੋੜ ਹੈ। ਇਸ ਕਾਰਜ ਨੂੰ ਪੂਰਾ ਕਰਨ ਲਈ ਸਾਮਰਾਜੀ ਲੁੱਟ ਦੇ ਤੰਤਰ ਨੂੰ ਖਤਮ ਕਰਨ ਦੇ ਨਾਲ-ਨਾਲ ਜ਼ਮੀਨ ਦੀ ਕਾਣੀ ਵੰਡ ਨੂੰ ਇਨਕਲਾਬੀ ਜ਼ਮੀਨੀ ਸੁਧਾਰਾਂ ਰਾਹੀਂ ਖਤਮ ਕਰਕੇ ਬੇਜ਼ਮੀਨੇ ਲੋਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਕੇ ਸਾਂਝੀ ਖੇਤੀ ਲਈ ਉਤਸ਼ਾਹਿਤ ਕਰਨ ਪਵੇਗਾ। ਖੇਤੀ ਅਤੇ ਕੁਦਰਤੀ ਮਾਲ-ਖਜ਼ਾਨਿਆਂ 'ਤੇ ਅਧਾਰਿਤ ਆਜ਼ਾਦ ਅਤੇ ਆਤਮ-ਨਿਰਭਰ ਸਹਿਕਾਰੀ ਸਨਅਤ ਦੀ ਉਸਾਰੀ ਕਰਕੇ ਕਿਸਾਨਾਂ-ਮਜ਼ਦੂਰਾਂ ਅਤੇ ਹੋਰ ਤਬਕਿਆਂ ਨੂੰ ਨਾ ਸਿਰਫ ਭੁੱਖ ਤੋਂ ਬਲਕਿ ਲੁੱਟ, ਵਿਤਕਰੇ ਅਤੇ ਜਬਰ-ਜ਼ੁਲਮ ਤੋਂ ਨਿਜਾਤ ਦਵਾਈ ਜਾ ਸਕਦੀ ਹੈ। ਇਸ ਵਾਸਤੇ ਇਨਕਲਾਬੀ ਲਹਿਰ ਨੂੰ ਤੇਜ਼ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ।**

28ਵੀਂ ਬਰਸੀ ਮੌਕੇ :

# ਜਮਾਤੀ ਯੁੱਧ ਦੇ ਯੋਧਾ ਸ਼ਹੀਦ ਕਾਮਰੇਡ ਗਿਆਨ ਸਿੰਘ ਸੰਘਾ

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਾਬਰ ਹਕੂਮਤਾਂ ਦੇ ਜ਼ੁਲਮ ਅੱਗੇ ਬਹਾਦਰ ਹਿੱਕਾਂ ਤਾਣ ਕੇ ਖੜਦੇ ਆਏ ਹਨ। ਉਹਨਾਂ ਨੇ ਹਰ ਹੰਕਾਰੀ ਹਾਕਮ ਦਾ ਬੁਥਾੜ ਭੰਨਿਆ ਹੈ। ਰੰਗ-ਬਰੰਗੇ ਰੂਪ ਧਾਰਕੇ ਆਏ ਹਾਕਮਾਂ ਦੇ ਚਾਟੜਿਆਂ ਨੂੰ ਪਛਾਣ ਕੇ ਉਹਨਾਂ ਦੇ ਅਸਲ ਚਿਹਰੇ ਨੰਗੇ ਕੀਤੇ ਹਨ। ਨਿਧੜਕ ਯੋਧੇ ਮਾਸਟਰ ਗਿਆਨ ਸਿੰਘ ਸੰਘਾ ਇੱਕ ਅਜਿਹੇ ਲੋਕ ਆਗੂ ਸਨ ਜਿਹਨਾਂ ਨੇ ਨਾ ਸਿਰਫ ਹਾਕਮਾਂ ਵਿਰੁੱਧ ਬੇਕਿਰਕ ਲੜਾਈ ਲੜੀ ਸਗੋਂ ਹਾਕਮਾਂ ਦੇ ਹਿੱਤ ਪੂਰਕ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਲੋਕ ਵਿਰੋਧੀ ਕਾਰਿਆਂ ਵਿਰੁੱਧ ਦਲੇਰਾਨਾ ਆਵਾਜ਼ ਬੁਲੰਦ ਕੀਤੀ। ਉਹਨਾਂ ਨੇ ਜਿੱਥੇ ਸਰਕਾਰੀ ਜਬਰ ਵਿਰੁੱਧ ਲੋਕਾਂ ਨੂੰ ਲਾਮਬੰਦ ਕੀਤਾ ਉਥੇ ਸਿੱਖੀ ਦੇ ਭੇਖ ਵਿੱਚ ਔਰੰਗਜੇਬ ਦੇ ਪਦ ਚਿੰਨ੍ਹਾਂ ਉੱਤੇ ਚੱਲਣ ਵਾਲੇ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਵੀ ਵੰਗਾਰਿਆ। ਖਾਲਿਸਤਾਨੀ ਦਹਿਸ਼ਤਗਰਦਾਂ ਨੇ ਕਾਮਰੇਡ ਸੰਘਾ ਨੂੰ 20 ਨਵੰਬਰ 1992 ਨੂੰ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ। ਉਸ ਸਮੇਂ ਵੀ ਉਹ ਪਿੰਡ ਸੋਇਤਾ ਦੇ ਭੱਠਾ ਮਜ਼ਦੂਰਾਂ ਦੀ ਮੀਟਿੰਗ ਕਰਾਉਣ ਲਈ ਘਰੋਂ ਨਿਕਲੇ ਸਨ।

ਸੰਘਰਸ਼ਾਂ ਦੀ ਭੱਠੀ ਵਿੱਚ ਤਪਕੇ ਨਿਕਲੇ ਕਾਮਰੇਡ ਗਿਆਨ ਸਿੰਘ ਸੰਘਾ ਸੀ.ਪੀ.ਆਈ. (ਐਮ-ਐਲ) ਦੀ ਪੰਜਾਬ ਇਕਾਈ ਦੇ ਸੂਬਾਈ ਆਗੂ ਹੋਣ ਦੇ ਨਾਲ ਕਿਸਾਨਾਂ ਦੀ ਹਰਮਨਪਿਆਰੀ ਜੱਥੇਬੰਦੀ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਸਕੱਤਰ ਵੀ ਸਨ। ਉਹਨਾਂ ਦੀ ਅਗਵਾਈ ਵਿੱਚ ਕਿਸਾਨਾਂ ਨੇ ਕਈ ਘੋਲ ਲੜੇ ਅਤੇ ਜਿੱਤੇ। ਉਹ ਅਧਿਆਪਕਾਂ ਦੇ ਸੂਬਾਈ ਆਗੂ ਵੀ ਰਹੇ। ਉਹ 1978 ਵਿੱਚ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੀ ਅਗਵਾਈ ਕਰਦਿਆਂ ਜੇਲ੍ਹ ਵੀ ਗਏ। ਉਹਨਾਂ ਨੂੰ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੇ ਭ੍ਰਿਸ਼ਟਾਚਾਰ ਦੇ ਵਿਰੁੱਧ ਘੋਲ ਕਰਦਿਆਂ ਨੌਕਰੀ ਤੋਂ ਬਰਖਾਸਤ ਵੀ ਕਰ ਦਿੱਤਾ ਗਿਆ ਸੀ ਪਰ ਉਹਨਾਂ ਨੇ ਬਹਾਲ ਹੋਣ ਤੋਂ ਬਾਅਦ ਵੀ ਨੌਕਰੀ ਨਹੀਂ ਕੀਤੀ। ਉਹ ਇੱਕ ਤਜਰਬੇਕਾਰ ਆਗੂ ਅਤੇ ਵਧੀਆ ਬੁਲਾਰੇ, ਚੰਗੇ ਜੱਥੇਬੰਦਕਾਰ ਅਤੇ ਸੰਘਰਸ਼ੀ ਯੋਧੇ ਸਨ। ਕਿਸਾਨ ਆਗੂ ਹੁੰਦਿਆਂ ਉਹਨਾਂ ਨੇ ਮਜ਼ਦੂਰਾਂ ਵਿਸ਼ੇਸ਼ਕਰ ਭੱਠਾ ਮਜ਼ਦੂਰਾਂ ਨੂੰ ਵੀ ਜੱਥੇਬੰਦ ਕੀਤਾ। ਉਹਨਾਂ ਨੇ ਸੰਘਰਸ਼ ਕਰਕੇ ਜਲੰਧਰ ਜ਼ਿਲ੍ਹੇ ਦੇ ਭੱਠਾ ਮਜ਼ਦੂਰਾਂ ਨੂੰ ਪੰਜਾਬ ਭਰ 'ਚੋਂ ਸਭ ਤੋਂ ਵੱਧ ਉਜਰਤ ਦੁਆਈ। ਉਹਨਾਂ ਦੀ ਅਗਵਾਈ ਵਿੱਚ ਬਿਜਲੀ ਬਿੱਲ ਬਾਈਕਾਟ ਘੋਲ, ਹੜ੍ਹ ਪੀੜ੍ਹਤਾਂ ਲਈ ਮੁਆਵਜੇ ਦੇ ਘੋਲ, ਖੰਡ ਮਿੱਲ ਨਵਾਂਸ਼ਹਿਰ ਵਿਰੁੱਧ ਗੰਨਾ ਘੋਲ, ਖਾਦ ਦੀ ਕਿੱਲਤ ਵਿਰੁੱਧ ਘੋਲ ਆਦਿ ਕਈ ਘੋਲ ਲੜੇ ਗਏ।

ਅੱਜ ਜਦੋਂ ਦੇਸ਼ ਦੇ ਕਿਰਤੀ ਅਤੇ ਕਿਸਾਨ ਵਰਗਾਂ ਉੱਤੇ ਚਹੁੰਤਰਫਾ ਹਮਲੇ ਹੋ ਰਹੇ ਹਨ। ਲੋਕਾਂ ਦੀਆਂ ਜੀਵਨ ਹਾਲਤਾਂ ਬਦ ਤੋਂ ਵੀ ਬਦਤਰ ਹਨ। ਹਾਕਮ ਜਮਾਤਾਂ ਮਿਹਨਤਕਸ਼ਾਂ ਦੀ ਲੁੱਟ ਨੂੰ ਹੋਰ ਤੇਜ਼ ਕਰਨ ਲਈ ਫਰੇਬ ਦਾ ਸਹਾਰਾ ਲੈ ਰਹੀਆਂ ਹਨ। ਕੇਂਦਰ ਦੀ ਹਿੰਦੂਤਵੀ ਫਾਸ਼ੀਵਾਦੀ ਮੋਦੀ ਸਰਕਾਰ ਦੇਸੀ ਅਤੇ ਵਿਦੇਸ਼ੀ ਕਾਰਪੋਰੇਟਾਂ ਦੀਆਂ ਤਿਜੌਰੀਆਂ ਭਰਨ ਲਈ ਜਨਤਕ ਖੇਤਰ ਦੇ ਅਦਾਰੇ ਰੇਲਵੇ, ਏਅਰ ਇੰਡੀਆ, ਕੋਲਾ ਖਾਣਾਂ ਉਨ੍ਹਾਂ ਨੂੰ ਕੌਡੀਆਂ ਦੇ ਭਾਅ ਵੇਚ ਰਹੀ ਹੈ। ਉਹਨਾਂ ਦਾ ਲੱਖਾਂ ਕਰੋੜਾਂ ਰੁਪਏ ਕਰਜ਼ਾ ਮੁਆਫ਼ ਕਰ ਰਹੀ ਹੈ। ਸਿੱਖਿਆ, ਸਿਹਤ ਸੇਵਾਵਾਂ, ਰੇਲਵੇ, ਟਰਾਂਸਪੋਰਟ, ਬੈਂਕਾਂ, ਸਹਿਕਾਰੀ ਅਦਾਰਿਆਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ। ਕਿਰਤੀ ਜਮਾਤ ਵੱਲੋਂ ਤਿੱਖੇ ਸੰਘਰਸ਼ ਲੜਕੇ ਬਣਵਾਏ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਕਿਰਤੀਆਂ ਦੇ ਵਿਰੋਧੀ ਅਤੇ ਮਾਲਕਾਂ ਦੇ ਹਿੱਤ ਪੂਰਨ ਵਾਲੇ ਕਾਨੂੰਨ ਬਣਾ ਦਿੱਤੇ ਗਏ ਹਨ। ਠੇਕੇਦਾਰੀ ਪ੍ਰਬੰਧ ਤੇਜੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਦੇਸ਼ ਦੀ ਵਿਕਾਸ ਦਰ ਉਲਟੇ ਪੈਰੀਂ ਚਲਦਿਆਂ ਡੂੰਘੇ ਗੋਤੇ ਲਾ ਰਹੀ ਹੈ। ਸਰਕਾਰੀ ਨੀਤੀਆਂ ਨੇ ਬੇਰੁਜ਼ਗਾਰਾਂ ਦੀ ਵੱਡੀ ਫੌਜ ਤਿਆਰ ਕਰ ਦਿੱਤੀ ਹੈ। ਮਹਿੰਗਾਈ, ਗਰੀਬੀ, ਭੁੱਖਮਰੀ, ਭ੍ਰਿਸ਼ਟਾਚਾਰ ਅਮਰਵੇਲ ਵਾਂਗੂੰ ਵਧ ਰਹੇ ਹਨ।

ਕੇਂਦਰੀ ਅਤੇ ਸੂਬਾਈ ਸਰਕਾਰਾਂ ਨੇ ਕਰੋਨਾ ਦਾ ਲਾਹਾ ਲੈ ਕੇ ਲੋਕ ਵਿਰੋਧੀ ਨੀਤੀਆਂ ਤੇਜ਼ੀ ਨਾਲ ਘੜੀਆਂ ਅਤੇ ਲਾਗੂ ਕੀਤੀਆਂ ਹਨ। ਇਸ ਸਮੇਂ ਵਿੱਚ ਪ੍ਰਵਾਸੀ ਮਜ਼ਦੂਰ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਕਰੋਨਾ ਦੇ ਸੰਕਟ ਨੇ ਸਰਕਾਰਾਂ ਦੇ ਹਰ ਤਰ੍ਹਾਂ ਦੇ ਪ੍ਰਬੰਧਾਂ ਦੀ ਪੋਲ ਖੋਹਲ ਕੇ ਰੱਖ ਦਿੱਤੀ ਹੈ। ਪੰਜਾਬ ਦੀ ਕਾਂਗਰਸ ਸਰਕਾਰ ਨੇ ਤਾਂ ਲਾਕਡਾਊਨ ਤੋਂ ਵੀ ਅੱਗੇ ਵਧਦਿਆਂ ਪੰਜਾਬ ਦੇ ਲੋਕਾਂ ਨੂੰ ਕਰਫਿਊ ਲਾ ਕੇ ਘਰਾਂ ਅੰਦਰ ਤਾੜੀ ਰੱਖਿਆ। ਪੁਲਸ ਦੇ ਡੰਡੇ ਰਾਹੀਂ ਕਰੋਨਾ ਭਜਾਉਣ ਦਾ ਅਨਾੜੀ ਅਮਲ ਕੀਤਾ। ਭਾਰੀ ਜੁਰਮਾਨਿਆਂ ਨਾਲ ਲੋਕਾਂ ਦੀਆਂ ਜੇਬਾਂ ਕੱਟੀਆਂ। ਅੱਜ ਪੰਜਾਬ ਅੰਦਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਅਤੇ ਹੋਰ ਕਾਰਵਾਈਆਂ ਕਰਕੇ, ਖਾਲਿਸਤਾਨੀ ਝੰਡੇ ਲਹਿਰਾ ਕੇ ਅਤੇ

ਨਾਹਰੇ ਲਿਖਕੇ ਮਾਹੌਲ ਵਿਗਾੜਣ ਦੇ ਯਤਨ ਹੋ ਰਹੇ ਹਨ। ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੀ ਤਰਜ 'ਤੇ ਚਲਦਿਆਂ ਨੌਜਵਾਨਾਂ ਉੱਤੇ ਯੂ.ਏ.ਪੀ.ਏ. ਦੀਆਂ ਧਾਰਾਵਾਂ ਰਾਹੀਂ ਦੇਸ਼ ਧ੍ਰੋਹ ਦੇ ਕੇਸ ਦਰਜ ਕੀਤੇ ਜਾ ਰਹੇ ਹਨ। ਪੰਜਾਬ ਦੇ ਲੋਕਾਂ ਨੂੰ ਇਸਤੋਂ ਸੁਚੇਤ ਰਹਿਣ ਦੀ ਲੋੜ ਹੈ।

ਖੇਤੀ ਖੇਤਰ ਨੂੰ ਅਡਾਨੀਆਂ, ਅੰਬਾਨੀਆਂ ਅਤੇ ਹੋਰ ਕਾਰਪੋਰੇਟਾਂ ਦੇ ਹਵਾਲੇ ਕਰਨ ਲਈ ਮੋਦੀ ਸਰਕਾਰ ਨੇ ਤਿੰਨ ਨਵੇਂ ਖੇਤੀ ਕਾਨੂੰਨ ਬਣਾਏ ਹਨ। ਖੇਤੀ 'ਚੋਂ ਵੱਡੇ ਮੁਨਾਫੇ ਕਮਾਉਣ ਦੀ ਕਾਰਪੋਰੇਟਾਂ ਦੀ ਲਾਲਸਾ ਨੂੰ ਪੂਰਾ ਕਰਨ ਲਈ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਇਹਨਾਂ ਦੇ ਹਵਾਲੇ ਕਰਨ ਲਈ ਮੋਦੀ ਸਰਕਾਰ ਨੰਗਾ ਚਿੱਟਾ ਧੱਕਾ ਵਰਤ ਰਹੀ ਹੈ। ਖੇਤੀ ਬਿੱਲ ਪਾਸ ਕਰਾਉਣ ਲਈ ਰਾਜ ਸਭਾ ਅੰਦਰ ਸੰਵਿਧਾਨਕ ਅਤੇ ਜਮਹੂਰੀ ਕਦਰਾਂ-ਕੀਮਤਾਂ ਦਾ ਜਨਾਜਾ ਨਿਕਲਦਾ ਸਾਰੇ ਦੇਸ਼ ਨੇ ਦੇਖਿਆ ਹੈ। ਦੇਸ਼ ਦੇ ਬਹੁਤੇ ਰਾਜਾਂ ਖਾਸ ਕਰ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦਾ ਤਿੱਖਾ ਵਿਰੋਧ ਹੋਣ ਦੇ ਬਾਵਜੂਦ ਮੋਦੀ ਸਰਕਾਰ ਇਹਨਾਂ ਕਾਨੂੰਨਾਂ ਉਤੇ ਮੁੜ ਵਿਚਾਰ ਕਰਨ ਤੋਂ ਸਾਫ਼ ਇਨਕਾਰੀ ਹੈ। ਬਿਜਲੀ ਬਿੱਲ 2020 ਪਾਸ ਕਰਨ ਦਾ ਮਕਸਦ ਵੀ ਕਿਸਾਨੀ ਨੂੰ ਸੱਟ ਮਾਰਕੇ ਕਾਰਪੋਰੇਟਾਂ ਨੂੰ ਲਾਭ ਦੇਣਾ ਹੀ ਹੈ। ਇਹਨਾਂ ਕਾਨੂੰਨਾਂ ਦੇ ਵਿਰੋਧ ਵਿੱਚ ਪੰਜਾਬ ਦੀਆਂ ਬਹੁਤੀਆਂ ਕਿਸਾਨ ਜੱਥੇਬੰਦੀਆਂ ਇੱਕ ਮੰਚ ਉੱਤੇ ਸੰਘਰਸ਼ਸ਼ੀਲ ਹਨ, ਜਿਹਨਾਂ ਵਿੱਚ ਸਾਥੀ ਸੰਘਾ ਵਾਲੀ ਕਿਰਤੀ ਕਿਸਾਨ ਯੂਨੀਅਨ ਵੀ ਸਰਗਰਮ ਅਤੇ ਅਹਿਮ ਭੂਮਿਕਾ ਨਿਭਾ ਰਹੀ ਹੈ। ਇਹਨਾਂ ਕਾਨੂੰਨਾਂ ਵਿਰੁੱਧ ਕਿਸਾਨੀ ਲਹਿਰ ਜਿੱਥੇ ਨੌਜਵਾਨ ਕਿਸਾਨਾਂ ਨੂੰ ਆਪਣੇ ਵੱਲ ਖਿੱਚ ਰਹੀ ਹੈ, ਉਥੇ ਕਿਸਾਨੀ ਦੀ ਨਵੀਂ ਲੀਡਰਸ਼ਿਪ ਵੀ ਪੈਦਾ ਕਰ ਰਹੀ ਹੈ। ਸਾਥੀ ਸੰਘਾ ਦੀ ਜੱਥੇਬੰਦੀ ਨੇ ਸਮੇਂ ਦੀ ਇਸ ਲੋੜ ਨੂੰ ਭਾਂਪਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦਾ ਗਠਨ ਵੀ ਕੀਤਾ ਹੈ। ਭਾਜਪਾ ਇਹਨਾਂ ਖੇਤੀ ਕਾਨੂੰਨਾਂ ਨੂੰ ਕਿਸਾਨ ਹਿੱਤੂ ਪ੍ਰਚਾਰਦਿਆਂ ਆਪਣੀ ਹਠਧਰਮੀ ਉੱਤੇ ਕਾਇਮ ਹੈ। ਕਿਸਾਨੀ ਲਹਿਰ ਨੇ ਸਾਰੀਆਂ ਹਾਕਮ ਜਮਾਤ ਪਾਰਟੀਆਂ ਨੂੰ ਇਹਨਾਂ ਕਾਨੂੰਨਾਂ ਬਾਰੇ ਚੁੱਪ ਤੋੜਨ ਲਈ ਮਜਬੂਰ ਕਰ ਦਿੱਤਾ ਹੈ। ਸਾਥੀ ਸੰਘਾ ਵੱਲੋਂ ਕਿਰਤੀ ਕਿਸਾਨ ਯੂਨੀਅਨ ਲਈ ਸੇਧਤ ਲਾਈਨ ਪੰਜਾਬ ਦੀ ਕਿਸਾਨੀ ਲਈ ਇਸ ਸੰਕਟ ਦੀ ਘੜੀ ਵਿੱਚ ਕੰਮ ਆ ਰਹੀ ਹੈ।

ਆਰ.ਐਸ.ਐਸ. ਨੇ ਭਾਜਪਾ ਸਮੇਤ ਆਪਣੀਆਂ ਹੋਰ ਸ਼ਾਖਾਵਾਂ ਰਾਹੀਂ ਦੇਸ਼ ਦੀਆਂ ਅਦਾਲਤਾਂ, ਪ੍ਰਸ਼ਾਸਨਿਕ ਅਹੁਦਿਆਂ, ਪੁਲੀਸ ਅਤੇ ਫੌਜ ਦੇ ਅਹੁਦਿਆਂ, ਅਕਾਦਮਿਕ ਅਦਾਰਿਆਂ ਅਤੇ ਹੋਰ ਪ੍ਰਭਾਵਸ਼ਾਲੀ ਅਹੁਦਿਆਂ ਨੂੰ ਕਬਜਾ ਲਿਆ ਹੈ।

ਡੂੰਘੇ ਆਰਥਿਕ ਸੰਕਟ ਵਿੱਚ ਫਸੀ ਮੋਦੀ ਸਰਕਾਰ ਰਾਮਮੰਦਰ ਦੀ ਉਸਾਰੀ, ਗਵਾਂਢੀ ਦੇਸ਼ਾਂ ਪ੍ਰਤੀ ਨਫ਼ਰਤ ਫੈਲਾਉਣ, ਭਗਵੀਂ ਦੇਸ਼ਭਗਤੀ ਆਦਿ ਦੇ ਪੱਤੇ ਖੇਡਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾ ਰਹੀ ਹੈ। ਮੋਦੀ ਸਰਕਾਰ ਨੇ ਸਾਫ਼ ਐਲਾਨ ਕਰ ਦਿੱਤਾ ਹੈ ਕਿ ਉਸਨੂੰ ਨਾਗਰਿਕਤਾ ਸੋਧ ਐਕਟ ਐਨ.ਆਰ.ਸੀ. ਅਤੇ ਐਨ.ਪੀ.ਆਰ. ਦਾ ਅਮਲ ਸਿਰਫ ਕਰੋਨਾ ਕਾਰਨ ਹੀ ਕੁੱਝ ਮੱਧਮ ਪਾਉਣਾ ਪਿਆ ਸੀ। ਉਂਝ ਮੁਸਲਿਮ ਭਾਈਚਾਰੇ ਉੱਤੇ ਹਮਲੇ ਕਰਨ ਦਾ ਉਹ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੀ। ਨਵੀਂ ਸਿੱਖਿਆ ਨੀਤੀ ਰਾਹੀਂ ਮੋਦੀ ਸਰਕਾਰ ਸਮੁੱਚੇ ਸਿੱਖਿਆ ਪ੍ਰਬੰਧ ਦਾ ਤੇਜ਼ੀ ਨਾਲ ਭਗਵਾਂਕਰਨ ਕਰ ਰਹੀ ਹੈ। ਮਿਥਿਹਾਸ ਨੂੰ ਇਤਿਹਾਸ ਬਣਾ ਰਹੀ ਹੈ। ਸਿੱਖਿਆ ਦਾ ਗੈਰ-ਵਿਗਿਆਨੀਕਰਨ ਕਰਨ ਦੇ ਨਾਲ-ਨਾਲ ਆਜ਼ਾਦੀ ਦੇ ਸੰਗਰਾਮ ਵਿੱਚ ਅੰਗਰੇਜ਼ੀ ਹਕੂਮਤ ਦੇ ਪਿੱਠੂਆਂ ਦਾ ਰੋਲ ਨਿਭਾਉਣ ਵਾਲਿਆਂ ਨੂੰ ਮਹਾਨ ਦੇਸ਼ ਭਗਤ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ।

ਆਰ.ਐਸ.ਐਸ. ਦੀਆਂ ਨੀਤੀਆਂ ਨੂੰ ਪੱਠੇ ਪਾਉਣ ਵਾਲੇ ਕਾਨੂੰਨ ਲਿਆਂਦੇ ਜਾ ਰਹੇ ਹਨ। ਦਲਿਤਾਂ, ਆਦਿਵਾਸੀਆਂ ਨੂੰ ਮਿਲਦੀਆਂ ਥੋੜੀਆਂ ਬਹੁਤੀਆਂ ਸਹੂਲਤਾਂ, ਮਿਲੇ ਅਧਿਕਾਰਾਂ ਨੂੰ ਛਾਂਗਿਆ ਜਾ ਰਿਹਾ ਹੈ। ਉਹਨਾਂ ਲੇਖਕਾਂ, ਪੱਤਰਕਾਰਾਂ, ਵਕੀਲਾਂ, ਕਵੀਆਂ, ਆਗੂਆਂ, ਕਾਰਕੁੰਨਾਂ, ਕਲਾਕਾਰਾਂ, ਧਾਰਮਿਕ ਘੱਟ ਗਿਣਤੀਆਂ ਦੇ ਆਗੂਆਂ, ਬੁੱਧੀਜੀਵੀਆਂ ਨੂੰ ਦੇਸ਼ਧ੍ਰੋਹੀ ਦੀਆਂ ਸੰਗੀਨ ਧਾਰਾਵਾਂ ਲਾ ਕੇ ਜੇਲ੍ਹਾਂ ਵਿੱਚ ਸੁੱਟ ਰਹੀ ਹੈ, ਜੋ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਅਲੋਚਨਾ ਕਰਦੇ ਹਨ। ਇਹਨਾਂ ਦੀ ਨਾ ਕੋਈ ਅਪੀਲ ਅਤੇ ਨਾ ਕੋਈ ਦਲੀਲ ਸੁਣੀ ਜਾ ਰਹੀ ਹੈ। ਪਰ ਜੇਲ੍ਹਾਂ ਵਿੱਚ ਬੰਦ ਇਹਨਾਂ ਸਖਸ਼ੀਅਤਾਂ ਦੇ ਹੌਸਲੇ ਬੁਲੰਦ ਹਨ। ਮੋਦੀ ਸਰਕਾਰ ਦਾ ਫਾਸ਼ੀਵਾਦੀ ਰੰਗ ਉਘੜਦਾ ਜਾ ਰਿਹਾ ਹੈ। ਅਜਿਹੇ ਵਿੱਚ ਇਸ ਸਰਕਾਰ ਦੇ ਨੰਗੇ ਅਤੇ ਛੁਪਵੇਂ ਕਾਰਨਾਮਿਆਂ ਨੂੰ ਸਮਝਣ ਦੀ ਲੋੜ ਹੈ।

ਅੱਜ ਜਦੋਂ ਅਸੀਂ ਸੀ.ਪੀ.ਆਈ. (ਐਮ-ਐਲ) ਨਿਊ ਡੈਮੋਕਰੇਸੀ ਵੱਲੋਂ 20 ਨਵੰਬਰ ਨੂੰ ਆਪਣੇ ਮਹਿਬੂਬ ਆਗੂ ਦੀ 28ਵੀਂ ਬਰਸੀ ਮੌਕੇ ਪਿੰਡ ਸ਼ਹਾਬਪੁਰ ਵਿਖੇ ਸਿਆਸੀ ਕਾਨਫਰੰਸ ਕਰ ਰਹੇ ਹਾਂ ਤਾਂ ਸਾਨੂੰ ਸ਼ਹੀਦ ਸਾਥੀ ਗਿਆਨ ਸਿੰਘ ਸੰਘਾ ਵੱਲੋਂ ਦਰਸਾਏ ਨਵ-ਜਮਹੂਰੀ ਇਨਕਲਾਬ ਦੇ ਰਾਹ ਉੱਤੇ ਅਡੋਲ ਚਲਦਿਆਂ ਜਮਾਤੀ ਯੁੱਧ ਨੂੰ ਤੇਜ਼ ਕਰਨਾ ਚਾਹੀਦਾ ਹੈ।

# ਹਾਥਰਸ ਗੈਂਗਰੇਪ ਅਤੇ ਕਤਲ ਦੀ ਘਟਨਾ ਉੱਤੇ ਔਰਤ ਜੱਥੇਬੰਦੀਆਂ ਦੀ ਤਿੰਨ ਮੈਂਬਰੀ ਟੀਮ ਦੀ ਰਿਪੋਰਟ

5 ਅਕਤੂਬਰ 2020 ਨੂੰ ਔਰਤ ਜੱਥੇਬੰਦੀਆਂ ਦੀ ਤਿੰਨ ਮੈਂਬਰੀ ਟੀਮ ਜਿਸ ਵਿੱਚ ਨੈਸ਼ਨਲ ਫੈਡਰੇਸ਼ਨ ਆਫ਼ ਇੰਡੀਅਨ ਵੂਮੈਨ ਦੀ ਕੌਮੀ ਜਨਰਲ ਸਕੱਤਰ ਐਨੀ ਰਾਜਾ, ਪ੍ਰਗਤੀਸ਼ੀਲ ਮਹਿਲਾ ਸੰਗਠਨ ਦੀ ਜਨਰਲ ਸਕੱਤਰ ਪੂਨਮ ਕੌਸ਼ਿਕ ਅਤੇ ਅਨਹਦ ਦੀ ਸ਼ਬਨਮ ਹਾਸ਼ਮੀ ਸ਼ਾਮਲ ਸੀ, ਨੇ ਹਾਥਰਸ ਦੇ ਬੁੱਲਗੜ੍ਹੀ ਪਿੰਡ ਦਾ ਦੌਰਾ ਕੀਤਾ। ਟੀਮ ਨੇ ਉਥੇ ਚਾਰ ਘੰਟੇ ਪੜਾਅ ਕਰਕੇ 14 ਸਤੰਬਰ ਨੂੰ ਜਬਰ-ਜਨਾਹ ਦਾ ਸ਼ਿਕਾਰ ਹੋਈ ਦਲਿਤ ਲੜਕੀ ਦੇ ਅੱਠ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਨ ਦੇ ਨਾਲ-ਨਾਲ ਘਟਨਾ ਬਾਰੇ ਜਾਣਕਾਰੀ ਵੀ ਹਾਸਲ ਕੀਤੀ। ਵਰਣਨਯੋਗ ਹੈ ਕਿ 29 ਸਤੰਬਰ 2020 ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਵਿਖੇ ਲੜਕੀ ਦੀ ਮੌਤ ਹੋ ਗਈ ਸੀ।

ਟੀਮ ਨੇ ਦੇਖਿਆ ਕਿ ਪੂਰੇ ਇਲਾਕੇ ਵਿੱਚ ਪੁਲੀਸ ਤੈਨਾਤ ਸੀ। ਜਿਹੜੀ ਸੜਕ ਲੜਕੀ ਦੇ ਘਰ ਵੱਲ ਜਾਂਦੀ ਸੀ, ਉਸ ਉੱਪਰ ਵੀ ਪੁਲੀਸ ਦੀ ਮੌਜੂਦਗੀ ਸੀ। ਦੋ ਥਾਵਾਂ ਉੱਪਰ ਪੇਂਡੂ ਧਨਾਢਾਂ (ਦਬੰਗ) ਦੇ ਕੁੱਝ ਵਿਅਕਤੀ ਮੀਡੀਆ ਕੋਲ ਆਪਣਾ ਪੱਖ ਰੱਖ ਰਹੇ ਸਨ। ਹੁਣ ਇਸ ਪੱਖ ਨੂੰ ਉਨ੍ਹਾਂ ਵੱਲੋਂ ਅਤੇ ਸੱਤਾ ਮਸ਼ੀਨਰੀ ਵੱਲੋਂ ਬਹੁਤ ਪ੍ਰਚਾਰਿਆ ਜਾ ਰਿਹਾ ਹੈ।

ਟੀਮ ਨੇ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੋਣ ਦੇ ਨਾਲ ਹੀ ਬੇਟੀ ਨੂੰ ਇਨਸਾਫ ਦੁਆਉਣ ਦੀ ਮੁਹਿੰਮ ਵਿੱਚ ਸਹਿਯੋਗ ਕਰਨ ਦਾ ਵਾਅਦਾ ਵੀ ਕੀਤਾ। ਟੀਮ ਨੇ ਲੜਕੀ ਦੇ ਮਾਂ-ਬਾਪ, ਭਰਾ, ਭੈਣ ਅਤੇ ਭਾਬੀ ਨਾਲ ਵਿਸਥਾਰ ਵਿੱਚ ਗੱਲ ਕੀਤੀ। ਲੜਕੀ ਦੇ ਚਾਚਾ ਜੀ ਨਾਲ ਅਲੀਗੜ੍ਹ ਵਿਖੇ ਗੱਲਬਾਤ ਕੀਤੀ। ਟੀਮ ਅਲੀਗੜ੍ਹ ਦੇ ਜਵਾਹਰ ਲਾਲ ਨਹਿਰੂ ਮੈਡੀਕਲ ਹਸਪਤਾਲ ਅਤੇ ਕਾਲਜ ਵੀ ਗਈ। ਉਸਨੇ ਕੇਸ ਨਾਲ ਸਬੰਧਿਤ ਬਹੁਤ ਸਾਰੇ ਲੋਕਾਂ ਨਾਲ ਗੱਲਬਾਤ ਕੀਤੀ। ਲੜਕੀ ਦਾ ਇਲਾਜ ਕਰਨ ਵਾਲੇ ਡਾਕਟਰਾਂ ਨਾਲ ਗੱਲਬਾਤ ਕੀਤੀ। ਡਰ ਅਤੇ ਦਹਿਸ਼ਤ ਦੇ ਮਾਹੌਲ ਕਾਰਨ ਅਸੀਂ ਡਾਕਟਰਾਂ ਸਮੇਤ ਕਿਸੇ ਵੀ ਵਿਅਕਤੀ ਦਾ ਨਾਂ ਜਨਤਕ ਨਹੀਂ ਕਰ ਰਹੇ।

ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਾਫੀ ਮੁਸ਼ਕਲਾਂ ਭਰੀ ਸੀ। ਉਹ ਬਹੁਤ ਵਾਰ ਭਾਵੁਕ ਹੋਏ ਪਰ ਅਸੀਂ ਸੰਜਮ ਨਾਲ ਸਾਰੀ ਗੱਲਬਾਤ ਸੁਣੀ। ਸਮੁੱਚੀ ਗੱਲਬਾਤ ਤੋਂ ਜੋ ਤੱਥ ਸਾਹਮਣੇ ਆਏ, ਉਹ ਅਸੀਂ ਤੁਹਾਡੇ ਨਾਲ ਸਾਂਝੇ ਕਰ ਰਹੇ ਹਾਂ।

## ਘਟਨਾ ਦਾ ਪਿਛੋਕੜ, ਇਲਾਜ, ਮੌਤ ਅਤੇ ਅੰਤਿਮ ਸਸਕਾਰ

1. 23.7 ਕਰੋੜ ਦੀ ਆਬਾਦੀ ਵਾਲੇ ਉੱਤਰ ਪ੍ਰਦੇਸ਼ ਵਿੱਚ ਹਾਸ਼ੀਆਗ੍ਰਸਤ ਦਲਿਤ ਕੁੱਲ ਵਸੋਂ ਦਾ ਪੰਜਵਾਂ ਹਿੱਸਾ ਹਨ। 1955 ਵਿੱਚ ਜਾਤ ਅਧਾਰਿਤ ਵਿਤਕਰੇ 'ਤੇ ਪਾਬੰਦੀ ਲਾਉਣ ਦੇ ਬਾਵਜੂਦ ਦਲਿਤਾਂ ਨਾਲ ਭੇਦ-ਭਾਵ ਹਾਲੇ ਵੀ ਜਾਰੀ ਹੈ। ਉਹ ਹਾਲੇ ਵੀ ਸਮਾਜ ਵਿੱਚ ਸਭ ਤੋਂ ਨੀਵੇਂ ਸਮਝੇ ਜਾਂਦੇ ਹਨ। ਨੈਸ਼ਨਲ ਸੈਂਪਲ ਸਰਵੇ ਦੇ 66ਵੇਂ ਰਾਊਂਡ ਮੁਤਾਬਿਕ ਅਨੁਸੂਚਿਤ ਜਾਤੀ ਦੇ ਸਿਰਫ 17.1% ਲੋਕਾਂ ਕੋਲ ਖੇਤੀ ਲਈ ਜ਼ਮੀਨ ਹੈ। ਹਰੇਕ ਸਰਕਾਰ ਨੇ ਦਲਿਤਾਂ ਨੂੰ ਜ਼ਮੀਨ ਦੇਣ ਬਾਰੇ ਕਿਹਾ ਪਰ ਭ੍ਰਿਸ਼ਟਾਚਾਰ ਅਤੇ ਭੇਦ-ਭਾਵ ਕਾਰਨ ਬਹੁਤ ਥੋੜੇ ਲੋਕਾਂ ਨੂੰ ਜ਼ਮੀਨ ਮਿਲ ਸਕੀ।

2. ਹਾਥਰਸ ਜ਼ਿਲ੍ਹੇ ਵਿੱਚ ਬੁੱਲਗੜ੍ਹੀ ਠਾਕੁਰ ਜਾਤੀ ਦੀ ਪ੍ਰਮੁੱਖਤਾ ਵਾਲਾ ਪਿੰਡ ਹੈ। ਦਲਿਤਾਂ ਦੇ 4-5 ਪਰਿਵਾਰ ਪਿੰਡ ਵਿੱਚ ਰਹਿੰਦੇ ਹਨ। ਇਹ ਪਿੰਡ ਤਹਿਸੀਲ ਹਾਥਰਸ ਤੋਂ 12 ਕਿਲੋਮੀਟਰ ਦੂਰ, ਬਾਘਾਨਾ ਪੰਚਾਇਤ ਅਤੇ ਚੰਦਪਾ ਪੁਲੀਸ ਸਟੇਸ਼ਨ ਦੇ ਅਧੀਨ ਹੈ। ਪਿੰਡ ਵਿੱਚ 66 ਘਰ ਅਤੇ 504 ਲੋਕ ਰਹਿੰਦੇ ਹਨ। ਠਾਕੁਰ ਜ਼ਮੀਂਦਾਰ ਬਿਰਾਦਰੀ ਬਹੁਤ ਸਮੇਂ ਤੋਂ ਚਾਹੁੰਦੀ ਹੈ ਕਿ ਦਲਿਤ ਪਿੰਡ ਛੱਡ ਕੇ ਚਲੇ ਜਾਣ ਅਤੇ ਇਹ ਪੂਰੀ ਤਰ੍ਹਾਂ ਠਾਕੁਰਾਂ ਦਾ ਪਿੰਡ ਹੋ ਜਾਵੇ। ਸਰਕਾਰੀ ਯੋਜਨਾਵਾਂ ਤਹਿਤ ਦਲਿਤਾਂ ਨੂੰ ਜੋ ਜ਼ਮੀਨ ਦਿੱਤੀ ਗਈ, ਉਸਨੇ ਉਨ੍ਹਾਂ ਨੂੰ ਗੁੱਸੇ ਨਾਲ ਭਰ ਦਿੱਤਾ। ਹਾਲਾਂਕਿ ਮ੍ਰਿਤਕ ਲੜਕੀ ਦੇ ਪਰਿਵਾਰ ਨੂੰ ਜ਼ਮੀਨ ਕਦੋਂ ਮਿਲੀ ਸਾਨੂੰ ਪਤਾ ਨਹੀਂ ਚੱਲ ਸਕਿਆ। ਦਲਿਤ ਪਰਿਵਾਰ ਦੀਆਂ ਔਰਤਾਂ ਅਤੇ ਲੜਕੀਆਂ ਨੂੰ ਬਾਹਰ ਨਿਕਲਣ 'ਤੇ ਆਮ ਹੀ ਛੇੜਛਾੜ ਦਾ ਸਾਹਮਣਾ ਕਰਨਾ ਪੈਂਦਾ ਹੈ। ਦੋਸ਼ੀਆਂ ਵਿੱਚੋਂ ਇੱਕ ਨੇ ਪਿਛਲੇ ਛੇ-ਮਹੀਨਿਆਂ ਵਿੱਚ ਮ੍ਰਿਤਕ ਲੜਕੀ ਨੂੰ ਕਈ ਵਾਰ ਪ੍ਰੇਸ਼ਾਨ ਕੀਤਾ ਸੀ ਜਿਸ ਕਾਰਨ ਉਸਨੇ ਇਕੱਲੇ ਘਰੋਂ ਬਾਹਰ ਜਾਣਾ ਬੰਦ ਕਰ ਦਿੱਤਾ ਸੀ।

3. 14 ਸਤੰਬਰ 2020 ਨੂੰ ਸਵੇਰੇ ਪੰਜ ਵਜੇ ਉੱਠ ਕੇ ਘਰ ਦੇ ਸਾਰੇ ਕੰਮ — ਮੱਝਾਂ ਨੂੰ ਚਾਰਾ ਪਾਉਣਾ, ਰੋਟੀ ਬਣਾਉਣਾ ਅਤੇ ਸਫ਼ਾਈ ਕਰਕੇ ਲੜਕੀ ਆਪਣੀ ਮਾਂ ਅਤੇ

ਭਰਾ ਨਾਲ ਸਵੇਰ ਦੇ 9.30 ਵਜੇ ਪਸ਼ੂਆਂ ਲਈ ਘਾਹ-ਚਾਰਾ ਲੈਣ ਗਈ। ਉਹ ਇੱਕ ਦੂਜੇ ਤੋਂ ਕਾਫੀ ਵਿੱਥ 'ਤੇ ਘਾਹ ਕੱਟ ਰਹੇ ਸਨ। ਥੋੜੇ ਸਮੇਂ ਮਗਰੋਂ ਮਾਂ ਨੇ ਲੜਕੀ ਨੂੰ ਦੇਖਿਆ ਤਾਂ ਉਹ ਦਿਸੀ ਨਹੀਂ, ਉਸਨੇ ਪਹਿਲਾਂ ਸਮਝਿਆ ਕਿ ਉਹ ਘਾਹ ਲੈ ਕੇ ਘਰ ਚਲੀ ਗਈ ਹੋਵੇਗੀ। ਅਚਾਨਕ ਉਸਨੂੰ ਆਪਣੀ ਲੜਕੀ ਦੀ ਚੱਪਲ ਪਹੇ ਉੱਪਰ ਉਲਟੇ ਰੁਖ਼ ਪਈ ਦਿਸ ਪਈ। ਉਸਨੇ ਪਹੇ ਦਾ ਪਿੱਛਾ ਕੀਤਾ ਤਾਂ ਆਪਣੀ ਲੜਕੀ ਨੂੰ ਇੱਕ ਖੇਤ ਵਿੱਚ ਡਿੱਗੀ ਹੋਈ ਪਾਇਆ। ਉਸਦੇ ਸਰੀਰ 'ਤੇ ਕੋਈ ਕੱਪੜਾ ਨਹੀਂ ਸੀ, ਉਸਦੀ ਗਰਦਨ 'ਤੇ ਗਲਾ ਘੁੱਟਣ ਦੇ ਨਿਸ਼ਾਨ ਮਿਲੇ, ਉਸਦੀਆਂ ਅੱਖਾਂ ਲਾਲ ਸਨ ਅਤੇ ਉਹ ਬੋਲ ਨਹੀਂ ਪਾ ਰਹੀ ਸੀ, ਗਲਾ ਘੁੱਟਣ ਕਰਕੇ ਉਸਦੀ ਜੀਭ ਦੰਦਾਂ ਵਿੱਚ ਦੱਬ ਕੇ ਵੱਢੀ ਗਈ ਸੀ। ਮਾਂ ਨੇ ਰੌਲਾ ਪਾਇਆ, ਉਸਨੇ ਇੱਕ ਬੱਚੇ ਨੂੰ ਆਪਣੇ ਬੇਟੇ ਨੂੰ ਸੱਦ ਕੇ ਲਿਆਉਣ ਲਈ ਕਿਹਾ। ਉਸਨੇ ਆਲੇ-ਦੁਆਲੇ ਪਏ ਕੱਪੜਿਆਂ ਨਾਲ ਆਪਣੀ ਬੱਚੀ ਦਾ ਸਰੀਰ ਢਕਣ ਦੀ ਕੋਸ਼ਿਸ਼ ਕੀਤੀ। ਆਪਣੇ ਪੁੱਤਰ ਦੇ ਸਹਾਰੇ ਨਾਲ ਬੜੀ ਮੁਸ਼ਕਿਲ ਨਾਲ ਲੜਕੀ ਨੂੰ ਸੰਭਾਲ ਕੇ ਉਹ ਚੰਦਪਾ ਪੁਲੀਸ ਸਟੇਸ਼ਨ ਰਿਪੋਰਟ ਦਰਜ ਕਰਵਾਉਣ ਲਈ ਪੁੱਜੇ। ਲੜਕੀ ਨੂੰ ਇੱਕ ਚਬੂਤਰੇ 'ਤੇ ਲਿਟਾ ਦਿੱਤਾ। ਰਿਪੋਰਟ ਲਿਖਣ ਵਿੱਚ ਕਾਫੀ ਸਮਾਂ ਲੱਗਿਆ। ਲੜਕੀ ਨੂੰ ਬਾਗਲਾ ਜ਼ਿਲ੍ਹਾ ਹਸਪਤਾਲ, ਅਲੀਗੜ੍ਹ ਰੋਡ, ਹਾਥਰਸ ਵਿਖੇ ਦਾਖਲ ਕਰਵਾਇਆ ਗਿਆ।

4. ਬਾਗਲਾ ਹਸਪਤਾਲ ਵਿਖੇ ਮੁੱਢਲੀ ਜਾਂਚ ਅਤੇ ਫਸਟ ਏਡ ਮਗਰੋਂ ਉਸਨੂੰ ਇਲਾਜ ਲਈ ਅਲੀਗੜ੍ਹ ਦੇ ਜਵਾਹਰ ਲਾਲ ਨਹਿਰੂ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ। ਜਦੋਂ ਉਸਨੂੰ ਮੈਡੀਕਲ ਕਾਲਜ ਲਿਆਂਦਾ ਗਿਆ ਤਾਂ ਉਸਦੀ ਹਾਲਤ ਗੰਭੀਰ ਸੀ ਅਤੇ ਉਹ ਕੋਈ ਬਿਆਨ ਨਹੀਂ ਦੇ ਸਕੀ। ਗਲਾ ਘੁੱਟਣ ਕਾਰਨ ਉਸਦੀਆਂ ਅੱਖਾਂ ਵਿੱਚ ਲਹੂ ਉੱਤਰ ਆਇਆ ਸੀ। ਉਸਦੀ ਗਰਦਨ ਅਤੇ ਪਿੱਠ 'ਤੇ ਗੰਭੀਰ ਸੱਟਾਂ ਸਨ, ਉਹ ਠੀਕ ਢੰਗ ਨਾਲ ਸਾਹ ਨਹੀਂ ਲੈ ਪਾ ਰਹੀ ਸੀ ਅਤੇ ਚਾਰ-ਅੰਗਾਂ ਦੇ ਲਕਵਾ ਭਾਵ 'ਕਵਾਡ੍ਰਿਪਲੇਜ਼ੀਆ' ਦਾ ਸ਼ਿਕਾਰ ਹੋ ਗਈ ਸੀ। ਨਿਊਰੋਸਰਜਰੀ ਵਿਭਾਗ ਦੇ ਮੁੱਖੀ ਦੁਆਰਾ ਸੀ.ਐਮ.ਓ. ਨੂੰ ਲਿਖੇ ਪੱਤਰ ਅਨਾਸਰ ਨਹਿਰੂ ਹਸਪਤਾਲ ਨੇ ਲੜਕੀ ਦੇ ਬਿਆਨ (ਡਾਇੰਗ ਡੈਕਲਰੇਸ਼ਨ) ਦਰਜ ਕਰਵਾਉਣ ਲਈ ਕਿਹਾ, ਉਸਦੀ ਹਾਲਤ ਗੰਭੀਰ ਸੀ। ਉਸਨੂੰ ਨਿਊਰੋਸਰਜਰੀ, ਫੋਰੈਂਸਿਕ ਮੈਡੀਸਨ, ਅੱਖ ਵਿਭਾਗ, ਓ.ਬੀ.ਸੀ. ਅਤੇ ਜਨਾਨਾ ਰੋਗ ਵਿਭਾਗਾਂ ਵਿੱਚ ਭੇਜਿਆ ਗਿਆ। ਫਿਰ ਉਸਨੂੰ ਐਚ.ਡੀ.ਯੂ. ਹਾਈਡਿਪੈਂਡਸੀ ਯੂਨਿਟ ਵਿੱਚ ਦਾਖਲ ਕੀਤਾ ਗਿਆ।

5. 22 ਸਤੰਬਰ 2020 ਨੂੰ ਉਹ ਕੁਝ ਹੋਸ਼ ਵਿੱਚ ਆਈ ਅਤੇ ਬੋਲਣ ਦੇ ਸਮਰੱਥ ਸੀ ਤਾਂ ਮੁੱਖੀ ਨਿਊਰੋਸਰਜਰੀ ਵਿਭਾਗ, ਨਹਿਰੂ ਹਸਪਤਾਲ, ਅਲੀਗੜ੍ਹ ਨੇ ਉਸਦਾ ਬਿਆਨ ਮਜਿਸਟਰੇਟ ਸਾਹਮਣੇ ਦਰਜ ਕਰਵਾਉਣ ਲਈ ਕਿਹਾ। ਇਹ ਗੰਭੀਰ ਰੋਗੀਆਂ ਲਈ ਨਿਯਮ ਹੈ। ਲੜਕੀ ਦਾ ਮੈਜਿਸਟਰੇਟ ਸਾਹਮਣੇ ਬਿਆਨ ਲਿਆ ਗਿਆ।

6. 161 ਸੀ.ਆਰ.ਪੀ.ਸੀ. ਤਹਿਤ ਵੀ ਉਸਦਾ ਬਿਆਨ ਦਰਜ ਕੀਤਾ ਗਿਆ ਸੀ। ਜਿਸ ਮਗਰੋਂ ਐਫ.ਆਈ.ਆਰ. ਵਿੱਚ ਧਾਰਾ 376 ਡੀ ਦਾ ਵਾਧਾ ਕੀਤਾ ਗਿਆ। ਪਹਿਲਾ ਐਫ.ਆਈ.ਆਰ. ਧਾਰਾ 307, 3(2) (5) ਐਸ.ਸੀ./ ਐਸ.ਟੀ. ਅੱਤਿਆਚਾਰ ਰੋਕੂ ਕਾਨੂੰਨ ਤਹਿਤ ਦਰਜ ਕੀਤੀ ਗਈ ਸੀ। ਐਡੀਸ਼ਨਲ ਐਸ.ਪੀ. ਵੱਲੋਂ 26 ਸਤੰਬਰ 2020 ਨੂੰ ਟਵੀਟ ਕਰਕੇ ਕਿਹਾ ਗਿਆ ਸੀ ਕਿ, ''ਮ੍ਰਿਤਕਾ ਐਫ.ਆਈ.ਆਰ. ਦਰਜ ਕਰਨ ਵੇਲੇ ਬਿਆਨ ਦੇਣ ਤੋਂ ਅਸਮਰੱਥ ਸੀ। ਜਦੋਂ ਤਫਤੀਸ਼ੀ ਅਫਸਰ ਨੇ ਉਸਦਾ ਬਿਆਨ ਦਰਜ ਕੀਤਾ ਤਾਂ ਉਸਨੇ 4 ਵਿਅਕਤੀਆਂ ਦਾ ਨਾਂ ਲਿਆ ਜਿਨਾਂ ਨੇ ਉਸ ਨਾਲ ਜੋਰ-ਜਬਰਦਸਤੀ ਕੀਤੀ ਸੀ। ਇਸ ਲਈ ਧਾਰਾ 376-ਡੀ ਦਾ ਵਾਧਾ ਕਰਕੇ ਚਾਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਕੋਈ ਵੀ ਫਰਾਰ ਨਹੀਂ ਹੈ। ਮਾਮਲੇ ਨੂੰ ਫਾਸਟ ਟਰੈਕ ਅਦਾਲਤ ਵਿੱਚ ਲਿਜਾਇਆ ਗਿਆ ਹੈ। ਟਵੀਟ ਦਾ ਲਿੰਕ https://twitter.com/... I

7. ਰੋਗੀ ਦੀ ਸਥਿਤੀ ਬਾਰੇ ਮੈਡੀਕਲ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੈਕਸੂਅਲ ਪ੍ਰਵੇਸ਼ : ਯੋਨੀ, ਪੂਰਨ/ ਕੋਸ਼ਿਸ਼ : ਮੁਕੰਮਲ, ਪਰਵੇਸ਼ : ਲਿੰਗ। ਡਾਕਟਰ ਦੀ ਰਾਏ ਮੁਤਾਬਿਕ ਸਥਾਨਕ ਪ੍ਰੀਖਿਆ ਦੇ ਅਧਾਰ 'ਤੇ ਮੇਰੀ ਰਾਇ ਵਿੱਚ ਬਲ ਪ੍ਰਯੋਗ ਕੀਤਾ ਗਿਆ ਜਦੋਂਕਿ ਸੰਭੋਗ ਪ੍ਰਕਿਰਿਆ ਬਾਰੇ FSL ਰਿਪੋਰਟ ਦੇ ਮਿਲਣ ਤੱਕ ਮੇਰੀ ਰਾਏ ਰਿਜਰਵ ਹੈ।

8. FSL ਰਿਪੋਰਟ ਕਹਿੰਦੀ ਹੈ ਕਿ : (1) ਯੋਨੀ/ਲਿੰਗ ਸੰਭੋਗੀ ਪ੍ਰਕਿਰਿਆ ਦੇ ਸੰਕੇਤ ਨਹੀਂ ਹਨ। (2) ਸਰੀਰਕ ਹਮਲੇ ਦੇ ਸਬੂਤ ਹਨ (ਗਰਦਨ ਅਤੇ ਪਿੱਠ)। ਘਟਨਾ ਦੇ ਅੱਠ ਦਿਨ ਮਗਰੋਂ 22 ਸਤੰਬਰ ਨੂੰ ਇਹ ਫੋਰੈਂਸਿਕ ਜਾਂਚ ਕੀਤੀ ਗਈ। ਬਲਾਤਕਾਰ ਦੇ ਮਾਮਲੇ ਵਿੱਚ, ਸਰਕਾਰੀ ਹਦਾਇਤਾਂ ਮੁਤਾਬਿਕ ਘਟਨਾ ਦੇ 72 ਘੰਟਿਆਂ ਦੇ ਅੰਦਰ-ਅੰਦਰ ਫੋਰੈਂਸਿਕ ਨਮੂਨੇ ਲੈਣੇ ਚਾਹੀਦੇ ਹਨ। ਸ਼ੁਕਰਾਣੂੰ 90

ਘੰਟੇ ਤੋਂ ਵੱਧ ਸਮੇਂ ਤੱਕ ਜਿਉਂਦੇ ਨਹੀਂ ਰਹਿ ਸਕਦੇ।

9. ਮੈਜਿਸਟਰੇਟ ਸਾਹਮਣੇ ਮ੍ਰਿਤਕ ਲੜਕੀ ਦਾ ਬਿਆਨ, ਜੋ ਕਿ ਉਸਦਾ ਮੌਤ ਤੋਂ ਪਹਿਲਾਂ ਦਾ ਬਿਆਨ ਹੈ, ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਬਹੁਤ ਮਹੱਤਵਪੂਰਨ ਹੁੰਦਾ ਹੈ।

10. ਨਹਿਰੂ ਹਸਪਤਾਲ ਅਲੀਗੜ੍ਹ ਦੇ ਡਾਕਟਰਾਂ ਅਤੇ ਕਰਮਚਾਰੀਆਂ ਅਤੇ ਪਰਿਵਾਰ ਦੇ ਮੈਂਬਰਾਂ ਮੁਤਾਬਿਕ ਸਥਾਨਕ ਹਾਥਰਸ ਪ੍ਰਸਾਸ਼ਨ ਅਤੇ ਹਲਕੇ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਦਾ ਪਰਿਵਾਰ ਉੱਪਰ ਜਬਰਦਸਤ ਦਬਾਓ ਸੀ। ਭਾਜਪਾ ਐਮ.ਪੀ. ਨੇ ਅਲੀਗੜ੍ਹ ਹਸਪਤਾਲ ਦਾ ਦੌਰਾ ਵੀ ਕੀਤਾ ਅਤੇ ਲੜਕੀ ਨੂੰ ਏਮਸ ਦਿੱਲੀ ਵਿਖੇ ਤਬਦੀਲ ਕਰਨ ਲਈ ਕਿਹਾ ਤਾਂ ਨਹਿਰੂ ਹਸਪਤਾਲ ਨੇ ਉਸਨੂੰ ਏਮਸ ਰੈਫਰ ਕਰ ਦਿੱਤਾ ਪ੍ਰੰਤੂ 28 ਸਤੰਬਰ ਨੂੰ ਉਸਨੂੰ ਏਮਸ ਦੀ ਥਾਂ ਸਫਦਰਜੰਗ ਹਸਪਤਾਲ ਵਿਖੇ ਭਰਤੀ ਕਰਵਾਇਆ ਗਿਆ ਜਿੱਥੇ ਅਗਲੀ ਸਵੇਰ ਉਸਦੀ ਮੌਤ ਹੋ ਗਈ। ਪੁਲੀਸ ਨੇ ਅਲੀਗੜ੍ਹ ਵਿਖੇ ਪਰਿਵਾਰ ਨੂੰ ਜਾਣਕਾਰੀ ਦਿੱਤੀ ਕਿ ਉਨ੍ਹਾਂ ਕੋਲ ਇੱਕ ਐਂਬੂਲੈਂਸ ਉਨਾਂ ਨੂੰ ਦਿੱਲੀ ਲਿਜਾਣ ਲਈ ਤਿਆਰ ਖੜੀ ਹੈ।

11. ਜਦੋਂ ਪਿਤਾ ਦੀ ਪੋਸਟਮਾਰਟਮ ਲਈ ਸਹਿਮਤੀ ਲਈ ਗਈ ਤਾਂ ਉਨਾਂ ਨੂੰ ਮ੍ਰਿਤਕ ਲੜਕੀ ਦਾ ਸਿਰਫ ਚਿਹਰਾ ਦਿਖਾਇਆ ਗਿਆ। ਪਰ ਇਸ ਮਗਰੋਂ ਕਿਸੇ ਨੂੰ ਵੀ ਮ੍ਰਿਤਕਾ ਨੂੰ ਦੇਖਣ ਦੀ ਇਜਾਜਤ ਨਹੀਂ ਦਿੱਤੀ ਗਈ।

12. ਪਰਿਵਾਰ ਦੇ ਮੈਂਬਰਾਂ ਨੇ ਕਿਹਾ ਕਿ ਉਨਾਂ ਕੋਲ ਪਹਿਲੀ ਐਫ.ਆਈ.ਆਰ. ਤੋਂ ਇਲਾਵਾ ਕੋਈ ਪੇਪਰ/ ਦਸਤਾਵੇਜ਼ ਨਹੀਂ ਹਨ, ਇੱਥੋਂ ਤੱਕ ਕਿ ਮ੍ਰਿਤਕ ਪ੍ਰਮਾਣ-ਪੱਤਰ ਵੀ ਉਨ੍ਹਾਂ ਕੋਲ ਨਹੀਂ ਹੈ।

13. 29 ਸਤੰਬਰ 2020 ਨੂੰ ਰਾਤ 2.25 ਵਜੇ ਉਨ੍ਹਾਂ ਦੇ ਪਿੰਡ ਦੇ ਸਮਸ਼ਾਨਘਾਟ ਵਿੱਚ, ਪੁਲੀਸ ਨੇ ਪਰਿਵਾਰ ਦੀ ਇੱਛਾ ਦੇ ਵਿਰੁੱਧ ਮ੍ਰਿਤਕ ਲੜਕੀ ਦਾ ਜਬਰਨ ਸਸਕਾਰ ਕਰ ਦਿੱਤਾ। ਪਰਿਵਾਰ ਨੂੰ ਉਸਦਾ ਚਿਹਰਾ ਤੱਕ ਨਹੀਂ ਦੇਖਣ ਦਿੱਤਾ ਗਿਆ। ਲੜਕੀ ਦੀਆਂ ਭੂਆ ਨੇ ਅਰਜੋਈਆਂ ਕੀਤੀਆਂ। ਉਨ੍ਹਾਂ ਐਂਬੂਲੈਂਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਪਰਿਵਾਰ ਦੇ ਮੈਂਬਰਾਂ ਦਾ ਬੁਰੀ ਤਰ੍ਹਾਂ ਨਿਰਾਦਰ ਕੀਤਾ ਗਿਆ ਅਤੇ ਇਸ ਮਗਰੋਂ ਉਨ੍ਹਾਂ ਦੇ ਘਰ ਦੀ ਨਾਕਾਬੰਦੀ ਕਰ ਦਿੱਤੀ ਗਈ।

14. ਪਰਿਵਾਰ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਪੁਲੀਸ ਜਾਂ ਪ੍ਰਸਾਸ਼ਨ ਤੋਂ ਕੋਈ ਸਹਾਇਤਾ ਨਹੀਂ ਮਿਲੀ ਬੱਸ ਧਮਕੀਆਂ ਅਤੇ ਦੇਰੀ ਹੀ ਮਿਲੀ। ਉਹ ਪਲ ਜਦੋਂ ਉਹ ਪੀੜਤਾ ਨੂੰ ਥਾਣੇ ਲੈ ਕੇ ਗਏ, ਉਸ ਪਲ ਤੋਂ ਲੈ ਕੇ ਜਬਰਨ ਸਸਕਾਰ ਕਰਨ ਤੱਕ ਉਨ੍ਹਾਂ ਨੂੰ ਧੌਂਸ, ਧਮਕੀਆਂ, ਧੌਲ-ਧੱਫੇ ਦਾ ਸਾਹਮਣਾ ਕਰਨਾ ਪਿਆ ਅਤੇ ਮਾਮਲੇ ਦੇ ਜਨਤਕ ਹੋਣ ਮਗਰੋਂ ਰੁਪਏ-ਪੈਸੇ ਦਾ ਲਾਲਚ ਵੀ ਦਿੱਤਾ ਗਿਆ। ਜਿਸ ਤਰ੍ਹਾਂ ਪੁਲੀਸ ਨੇ ਪਰਿਵਾਰ ਦੇ ਕਿਸੇ ਵੀ ਮੈਂਬਰ ਤੋਂ ਸਹਿਮਤੀ ਲਈ ਬਗੈਰ ਮ੍ਰਿਤਕਾ ਦਾ ਸਸਕਾਰ ਕੀਤਾ, ਇਸ ਅਨਿਆਂਪੂਰਨ ਵਿਹਾਰ ਤੋਂ ਪਰਿਵਾਰ ਡਾਢਾ ਦੁਖੀ ਸੀ।

## ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਨਵੀਂ ਕਹਾਣੀ ਘੜਨ ਦਾ ਚੱਕਰ

1. ਅਸੀਂ ਗੰਭੀਰ ਚਿੰਤਾ ਅਤੇ ਗੁੱਸੇ ਨਾਲ ਧਿਆਨ ਦੁਆਉਂਦੇ ਹਾਂ ਕਿ ਮ੍ਰਿਤਕਾਂ ਦਾ ਮੌਤ ਦਾ ਪਹਿਲਾ ਬਿਆਨ ਅਤੇ ਤਫਸੀਲਵਾਰ (ਮੌਕੇ ਦੇ) ਸਬੂਤ ਹੋਣ ਦੇ ਬਾਵਜੂਦ ਹੁਕਮਰਾਨ ਪਾਰਟੀ ਦੇ ਮੈਂਬਰਾਂ ਅਤੇ ਪੇਂਡੂ ਧਨਾਢ ਜਾਤਾਂ ਦੇ ਮੈਂਬਰਾਂ ਵੱਲੋਂ ਇੱਕ ਨਵਾਂ ਬਿਰਤਾਂਤ ਉਸਾਰਿਆ ਜਾਣ ਲੱਗਾ ਹੈ ਕਿ ਪੀੜਤਾ ਨਾਲ ਬਲਾਤਕਾਰ ਨਹੀਂ ਹੋਇਆ ਸੀ। ਭਾਜਪਾ ਦੇ ਆਈ.ਟੀ. ਸੈੱਲ ਦੇ ਮੁਖੀ ਨੇ ਲੜਕੀ ਦਾ ਇੱਕ ਵੀਡੀਓ ਟਵੀਟ ਕੀਤਾ ਜਿਸ ਵਿੱਚ ਉਸਦੀ ਪਛਾਣ ਨਸ਼ਰ ਕੀਤੀ ਗਈ ਜੋ ਕਿ ਕਾਨੂੰਨਨ ਜ਼ੁਰਮ ਹੈ। ਇਸ ਵਿੱਚ ਇਹ ਕਹਿਣ ਦੀ ਕੋਸ਼ਿਸ਼ ਹੈ ਕਿ ਲੜਕੀ ਦਾ ਬਲਾਤਕਾਰ ਨਹੀਂ ਹੋਇਆ। ਇੰਡੀਅਨ ਪੀਨਲ ਕੋਡ ਤਹਿਤ ਬਲਾਤਕਾਰ ਪੀੜਤਾ ਦੀ ਪਛਾਣ ਨੂੰ ਨਸ਼ਰ ਕਰਨ ਉਤੇ ਦੋ ਸਾਲ ਤੱਕ ਦੀ ਸਜ਼ਾ ਦੀ ਵਿਵਸਥਾ ਹੈ। ਵੀਡੀਓ ਵਿੱਚ ਜਦੋਂ ਪੀੜਤਾ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੇ ਤੁਹਾਡਾ ਗਲਾ ਕਿਉਂ ਘੱਟਿਆ ਤਾਂ ਉਸਦਾ ਜਵਾਬ ਸੀ ਕਿ ਕਿਉਂਕਿ ਉਹ ਜਬਰਦਸਤੀ ਦਾ ਵਿਰੋਧ ਕਰ ਰਹੀ ਸੀ। ਜਬਰਦਸਤੀ ਦਾ ਇਸਤੇਮਾਲ ਲਿੰਗਕ ਹਿੰਸਾ ਦੇ ਲਈ ਕੀਤਾ ਜਾਂਦਾ ਹੈ। ਇਹ ਵੀਡੀਓ ਪੁਲੀਸ ਸਟੇਸ਼ਨ ਦੀ ਹੈ। ਸਰਕਾਰ ਅਤੇ ਭਾਜਪਾ ਵੱਲੋਂ ਦੋਸ਼ੀਆਂ ਨੂੰ ਬਚਾਉਣ ਲਈ ਅਜਿਹੇ ਯਤਨ ਘੋਰ ਨਿਖੇਧੀਯੋਗ ਹਨ।

2. ਉੱਤਰ ਪ੍ਰਦੇਸ਼ ਸਰਕਾਰ ਨੇ ਉਨ੍ਹਾਂ ਲੋਕਾਂ ਵਿਰੁੱਧ ਪੁਲੀਸ ਕੇਸ ਦਰਜ ਕੀਤੇ ਹਨ ਜੋ ਪੇਂਡੂ ਧਨਾਢ ਉੱਚ ਜਾਤੀਆਂ ਦੇ ਮਰਦਾਂ ਵੱਲੋਂ ਦਲਿਤ ਲੜਕੀ ਤੇ ਘਿਨਾਉਣੇ ਹਮਲੇ ਵਿਰੁੱਧ ਵਿਰੋਧ-ਪ੍ਰਦਰਸ਼ਨ ਕਰ ਰਹੇ ਸਨ। ਹੁਣ ਇਸ ਨੂੰ ਯੋਗੀ ਸਰਕਾਰ ਨੂੰ ਬਦਨਾਮ ਕਰਨ ਅਤੇ ਯੂਪੀ ਵਿੱਚ ਜਾਤੀ-ਦੰਗੇ ਭੜਕਾਉਣ ਲਈ ਅੰਤਰਰਾਸ਼ਟਰੀ ਸਾਜਿਸ਼ ਦਾ ਨਾਂ ਦਿੱਤਾ ਜਾ ਰਿਹਾ। ਕੇਂਦਰ ਦੀ ਮੌਜੂਦਾ ਸਰਕਾਰ ਅਤੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ, ਅਸਹਿਮਤੀ ਜਾ ਵਿਰੋਧ ਦੀ ਹਰੇਕ ਕਾਰਵਾਈ ਨੂੰ ਹੁਣ ਭਾਜਪਾ ਅਤੇ ਇਸਦੀਆਂ ਸੂਬਾ

ਸਰਕਾਰਾਂ ਨੂੰ ਬਦਨਾਮ ਕਰਨ ਦੀ ਸਾਜਿਸ਼ ਕਰਾਰ ਦਿੱਤਾ ਜਾ ਰਿਹਾ ਹੈ। ਉਹ ਭੁੱਲ ਗਏ ਹਨ ਕਿ ਕਿਸੇ ਵੀ ਤਰ੍ਹਾਂ ਦੇ ਧੱਕੇ ਦੇ ਵਿਰੁੱਧ ਆਵਾਜ਼ ਉਠਾਉਣਾ ਭਾਰਤ ਦੇ ਸੰਵਿਧਾਨ ਤਹਿਤ ਹਰੇਕ ਨਾਗਰਿਕ ਦਾ ਅਧਿਕਾਰ ਹੈ। ਅਸੀਂ ਸ਼ਾਂਤਮਈ ਨਾਗਰਿਕ ਸੰਘਰਸ਼ਾਂ ਨੂੰ ਸਾਜਿਸ਼ ਦੇ ਰੂਪ ਵਿੱਚ ਪੇਸ਼ ਕਰਨ ਦੇ ਯਤਨਾਂ ਦੀ ਨਿੰਦਾ ਕਰਦੇ ਹਾਂ ਭਾਵੇਂ ਇਹ ਯਤਨ ਯੂਪੀ ਵਿੱਚ ਹੋਣ ਜਾਂ ਭਾਵੇਂ ਦਿੱਲੀ ਵਿੱਚ।

3. ਵਿਰੋਧੀ ਪਾਰਟੀਆਂ ਦੇ ਕਈ ਆਗੂਆਂ 'ਤੇ ਸਥਾਨਕ ਉੱਚ ਜਾਤੀ ਧਨਾਢਾਂ ਨੇ ਹਮਲਾ ਕੀਤਾ ਅਤੇ ਇੱਥੋਂ ਤੱਕ ਕਿ ਪੁਲੀਸ ਨੇ ਲਾਠੀਚਾਰਜ ਕੀਤਾ। ਜਦੋਂ ਉਹ ਮ੍ਰਿਤਕਾ ਦੇ ਪਰਿਵਾਰ ਨੂੰ ਮਿਲਣ ਲਈ ਉਸਦੇ ਪਿੰਡ ਗਏ। ਸਾਡੀ ਟੀਮ ਇਸਦੀ ਘੋਰ ਨਿਖੇਧੀ ਕਰਦੀ ਹੈ।

**ਤਿੰਨ ਮੈਂਬਰੀ ਕਮੇਟੀ ਮੰਗ ਕਰਦੀ ਹੈ ਕਿ —**

1. ਸੰਵਿਧਾਨਕ ਸੰਸਥਾਵਾਂ ਦੀ ਨਿਘਰਦੀ ਹਾਲਤ, ਔਰਤਾਂ ਖਾਸ ਕਰਕੇ ਦਲਿਤ ਔਰਤਾਂ ਵਿਰੁੱਧ ਵਧ ਰਹੀ ਹਿੰਸਾ ਲਈ ਜ਼ਿੰਮੇਵਾਰ ਯੋਗੀ ਅਦਿੱਤਿਆਨਾਥ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਤੁਰੰਤ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ।
2. ਹਾਥਰਸ ਘਟਨਾ ਦੀ ਅਦਾਲਤੀ ਨਿਗਰਾਨੀ ਹੇਠ ਸਮਾਂਬੱਧ ਜਾਂਚ ਹੋਵੇ।
3. ਅਸੀਂ ਭਟਕਾਊ ਬਿਰਤਾਂਤ ਵਾਲੇ ਪ੍ਰਚਾਰ ਦੀ ਜਾਂਚ ਦੀ ਮੰਗ ਕਰਦੇ ਹਾਂ।
4. ਪਰਿਵਾਰ ਦੇ ਜੀਵਨ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।
5. ਜ਼ਿਲ੍ਹਾ ਮੈਜਿਸਟਰੇਟ (ਡੀ.ਸੀ.) ਨੂੰ ਮੁਅੱਤਲ ਕੀਤਾ ਜਾਵੇ।
6. ਅਸੀਂ ਨਿਆਂ ਦੇਣ ਤੋਂ ਪਾਸਾ ਵੱਟਣ ਵਾਲੇ ਅਧਿਕਾਰੀਆਂ ਸਮੇਤ ਜਨ-ਪ੍ਰਤੀਨਿਧੀਆਂ ਦੀ ਭੂਮਿਕਾ ਦੀ ਜਾਂਚ ਦੀ ਮੰਗ ਕਰਦੇ ਹਾਂ।
7. ਅਸੀਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਤੋਂ ਜਾਂਚ ਦੀ ਮੰਗ ਕਰਦੇ ਹਾਂ ਕਿਉਂਕਿ ਅਸਹਿਮਤੀ ਦੀਆਂ ਸਾਰੀਆਂ ਆਵਾਜ਼ਾਂ ਨੂੰ ਅਪਰਾਧੀ ਬਣਾਇਆ ਜਾ ਰਿਹਾ ਹੈ।
8. ਐਸ.ਸੀ./ਐਸ.ਟੀ. ਅੱਤਿਆਚਾਰ ਰੋਕੂ ਕਾਨੂੰਨ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ।
9. ਦਲਿਤ ਭਾਈਚਾਰੇ ਦੇ ਵਿਕਾਸ ਲਈ ਇਸ ਕਾਨੂੰਨ ਤਹਿਤ ਯੋਜਨਾਵਾਂ ਅਤੇ ਪ੍ਰੋਗਰਾਮਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਬਾਰੇ ਵਿਆਪਕ ਜਾਗਰੂਕਤਾ ਅਤੇ ਪ੍ਰਚਾਰ ਮੁਹਿੰਮ ਚਲਾਈ ਜਾਵੇ।

## ਲੋਕ ਪਾਲ/ਪਾਲ ਕੌਰ

ਕਿੱਥੇ ਹੈ ਉਹ
ਜੋ ਖੜ੍ਹਾ ਕਰਨ ਆਇਆ ਸੀ,
ਹਾਕਮਾਂ ਨੂੰ --- ਲੋਕਾਂ ਦੇ ਸਾਹਵੇਂ!
ਕਿੱਥੇ ਹੈ ਉਹ, ਜਿਸ ਨੇ ਅੰਨ ਦੀ ਤੌਹੀਨ ਕੀਤੀ ਸੀ —
ਤੇ ਅਸੀਂ ਕਮਲੇ, ਤਰੰਗੇ ਚੁੱਕ ਚੁੱਕ,
ਲੱਗ ਗਏ ਸਾਂ ਮਗਰ ਉਸਦੇ!
ਉਹ ਤਾਂ ਮਹਿਜ਼ ਗੋਟੀ ਸੀ, ਆਪਣੇ ਖਿਡਾਰੀਆਂ ਦੀ —
ਜਦੋਂ ਆਕਾ ਉਸ ਦੇ ਹੋ ਗਏ ਹਾਕਮ,
ਤਾਂ ਉਹ ਆਪਣਾ ਅੰਨ ਛਕਣ ਤੁਰ ਗਿਆ ਸੀ!
ਲੋਕਾਂ ਦੀ ਅਦਾਲਤ ਦੀ ਆਵਾਜ਼
ਗੁੰਮ ਗਈ ਸੀ, ਢੋਲ ਦੀ ਆਵਾਜ਼ ਵਿੱਚ,
ਲੱਡੂਆਂ ਦੇ ਰੰਗ ਵਿੱਚ!

ਪਰ ਲੋਕਾਂ ਦੀ ਅਦਾਲਤ ਦੀ,
ਕੋਈ ਧਾਰਾ ਨਹੀਂ ਹੁੰਦੀ —
ਵਕਤ ਹੁੰਦਾ ਏ!
ਇਹ ਵਕਤ ਨਾ ਆਵੇ,
ਤਾਂ ਹਰ ਹਾਕਮ ਜਾਬਰ ਹੋ ਜਾਂਦਾ ਏ!

ਜਦੋਂ ਧਾਰਾਵਾਂ ਦੀਆਂ, ਉੱਡਣ ਲੱਗਣ ਧੱਜੀਆਂ---
ਜਦੋਂ ਸਭ ਅਦਲੀ ਮੁਕਾਮ ਗੂੰਗੇ ਹੋ ਜਾਣ—
ਤਾਂ ਉਹੀ ਵਕਤ ਹੁੰਦਾ ਏ,
ਜਦੋਂ ਲੋਕ ਪਾਲ ਉੱਠਦੇ ਨੇ,
ਹਾਕਮਾਂ ਨੂੰ ਕਟਹਿਰੇ ਵਿੱਚ,
ਖੜ੍ਹਾ ਕਰਦੇ ਨੇ---
ਅਦਲ ਦਾ ਗ੍ਰੰਥ ਲੜ੍ਹਦੇ ਨੇ,
ਤੇ ਹਰ ਕੁਫ਼ਰ ਦਾ ਨਿਆਂ ਕਰਦੇ ਨੇ।

# ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼
# ਭਾਜਪਾ ਅਤੇ ਕੇਂਦਰੀ ਸੱਤਾ ਨਿਸ਼ਾਨੇ 'ਤੇ

ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਉਭਰਿਆ ਕਿਸਾਨ ਘੋਲ ਦਿਨੋ-ਦਿਨ ਅੱਗੇ ਵਧ ਰਿਹਾ ਹੈ। ਇਕ ਪਾਸੇ ਜਿੱਥੇ ਘੋਲ ਦਾ ਵਿਸਥਾਰ ਹੋ ਰਿਹਾ, ਨਿੱਤ ਨਵੇਂ ਪਿੰਡਾਂ ਦੇ ਲੋਕ ਇਸ ਨਾਲ ਜੁੜ ਰਹੇ ਹਨ, ਉਥੇ ਇਸਨੇ ਸਿਆਸੀ ਅਤੇ ਸਮਾਜਿਕ ਜੀਵਨ ਵਿੱਚ ਵੀ ਵਿਆਪਕ ਪਸਾਰ/ਰੁਝਾਣ ਪ੍ਰਗਟ ਕਰਨੇ ਸ਼ੁਰੂ ਕਰ ਦਿੱਤੇ ਹਨ। ਲੋਕ ਹੌਲੀ-ਹੌਲੀ ਸਮਝ ਰਹੇ ਹਨ ਕਿ ਖੇਤੀ ਕਾਨੂੰਨਾਂ ਵਿਰੁੱਧ ਘੋਲ ਅਸਲ ਵਿੱਚ ਸਾਮਰਾਜਵਾਦ ਅਤੇ ਫਾਸ਼ੀਵਾਦ ਵਿਰੋਧੀ ਭਾਵਨਾਵਾਂ ਸਮੋਈ ਬੈਠਾ ਹੈ।

ਜਮਾਤੀ ਸਮਾਜ ਵਿੱਚ ਜਮਾਤੀ ਹਿੱਤ ਅਤੇ ਉਨ੍ਹਾਂ ਨਾਲ ਜੁੜੇ ਵਿਚਾਰ ਅਤੇ ਸਿਆਸਤ ਕਦੇ ਅੱਖੋਂ ਓਹਲੇ ਨਹੀਂ ਹੁੰਦੀ। ਖੇਤੀ ਅਰਥਚਾਰੇ ਉੱਪਰ ਇਨ੍ਹਾਂ ਕਾਨੂੰਨਾਂ ਦਾ ਹਮਲਾ ਅਸਲ ਵਿੱਚ ਸਾਮਰਾਜੀ ਅਤੇ ਦੇਸੀ ਕਾਰਪੋਰੇਟ ਦੇ ਇਸ਼ਾਰੇ 'ਤੇ ਮੋਦੀ ਸਰਕਾਰ ਦਾ ਫਾਸ਼ੀਵਾਦੀ ਆਰਥਿਕ ਹਮਲਾ ਹੈ। ਮੋਦੀ ਹਕੂਮਤ ਦੇ ਫਾਸ਼ੀਵਾਦੀ ਹਮਲੇ ਦਾ ਪਸਾਰ ਦਾ ਕੋਈ ਇਕ ਪਾਸਾ ਜਾਂ ਇੱਕ ਮੋਰਚਾ ਨਹੀਂ ਹੈ। ਦੂਜੀ ਵਾਰ ਸੱਤਾਰੂੜ ਹੋਣ ਮਗਰੋਂ ਉਸਨੇ ਇਸ ਹਮਲੇ ਦੀ ਮਾਰੂ ਸਮਰੱਥਾ ਅਤੇ ਮਿਕਦਾਰ ਕਾਫੀ ਵਧਾ ਕੇ ਚੌਤਰਫਾ ਕੀਤੀ ਹੈ। ਫਲਸਰੂਪ ਜਦੋਂ ਇਹ ਘੋਲ ਉਭਰਿਆ ਤਾਂ ਇਸਨੇ ਭਾਜਪਾ ਦੇ ਫਾਸ਼ੀਵਾਦੀ ਹਮਲੇ ਦੇ ਚੌਤਰਫਾ ਪਸਾਰਾਂ ਨੂੰ ਹੀ ਲੜਾਈ ਦੇਣ ਦਾ ਮੁੱਢ ਬੰਨ੍ਹ ਦਿੱਤਾ ਹੈ। ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕ ਰਜਿਸਟਰ ਵਿਰੁੱਧ ਉੱਭਰੀ ਜਨਤਕ ਲਹਿਰ ਵਿੱਚੋਂ ਭਾਵੇਂ ਮੋਦੀ ਕਰੋਨਾ ਦੀ ਆੜ ਹੇਠ ਬਚ ਨਿਕਲਿਆ ਪ੍ਰੰਤੂ ਹੁਣ ਇਸ ਘੋਲ ਦੇ ਉੱਭਰਨ ਮਗਰੋਂ ਭਾਜਪਾ ਦੀ ਫਾਸ਼ੀਵਾਦੀ ਵਿਚਾਰਧਾਰਾ ਅਤੇ ਅਮਲ ਨੂੰ ਚੁਣੌਤੀ ਮਿਲਣ ਦੀਆਂ ਆਹਟਾਂ ਸੁਣਾਈ ਦੇਣੀਆਂ ਸ਼ੁਰੂ ਹੋ ਗਈਆਂ ਹਨ। ਸਿੱਟੇ ਵਜੋਂ ਭਾਜਪਾ ਅਤੇ ਉਸਦੇ ਕਰਤੇ-ਧਰਤੇ ਬੁਖਲਾਕੇ ਇਸ ਘੋਲ ਨੂੰ ਬਦਨਾਮ ਕਰਕੇ ਜਬਰ ਢਾਹੁਣ ਲਈ ਉੱਸਲਵੱਟੇ ਲੈ ਰਹੇ ਹਨ।

ਕਿਸਾਨ ਜੱਥੇਬੰਦੀਆਂ ਵੱਲੋਂ ਲਗਾਤਾਰ ਰੇਲਵੇ ਲਾਈਨਾਂ ਰੋਕਣ, ਟੌਲ ਪਲਾਜੇ, ਰਿਲਾਇੰਸ ਦੇ ਸ਼ਾਪਿੰਗ ਮਾਲ ਅਤੇ ਪੈਟਰੌਲ ਪੰਪ ਤੋਂ ਇਲਾਵਾ ਅਡਾਨੀ ਦੇ ਉਸਾਰੀ ਅਧੀਨ ਸੀਲੋ ਘੇਰੇ ਗਏ ਹਨ। ਸਾਉਣੀ ਦੀ ਫ਼ਸਲ ਦੀ ਕਟਾਈ ਦੇ ਬਾਵਜੂਦ ਇਨ੍ਹਾਂ ਸਥਾਨਾਂ 'ਤੇ ਧਰਨੇ ਜਾਰੀ ਹਨ ਪਰ ਇਸ ਵਿੱਚ ਸਭ ਤੋਂ ਨਿਵਕੇਲਾ ਪਹਿਲੂ ਕਿਸਾਨਾਂ ਵੱਲੋਂ ਭਾਜਪਾਈ ਲਾਣੇ ਵਿਰੁੱਧ ਨਿਸ਼ਾਨਾ ਸੇਧਿਤ ਕਰਕੇ ਸੰਘਰਸ਼ ਵਧਾਉਣਾ ਰਿਹਾ ਹੈ।

## ਭਾਜਪਾ ਨਿਸ਼ਾਨੇ 'ਤੇ

ਕੇਂਦਰ ਵਿੱਚ ਸੱਤਾਧਾਰੀ ਫਾਸ਼ੀਵਾਦੀ ਭਾਜਪਾ ਹਕੂਮਤ ਵੱਲੋਂ ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ ਨੂੰ ਗੱਲਬਾਤ ਲਈ ਸੱਦ ਕੇ ਦਿੱਲੀ ਵਿਖੇ ਕੀਤੇ ਨਿਰਾਦਰ ਨੇ ਕੇਂਦਰੀ ਹਕੂਮਤ ਦੇ ਵਤੀਰੇ ਵਿਰੁੱਧ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਥਾਂ-ਥਾਂ ਸੂਬੇ ਭਰ ਵਿੱਚ, ਭਾਜਪਾਈ ਲਾਣਾ ਲੋਕਾਂ ਦੇ ਰੋਹ ਦਾ ਸ਼ਿਕਾਰ ਬਣਨ ਲੱਗਿਆ ਹੈ। ਅੰਮ੍ਰਿਤਸਰ ਵਿਖੇ ਇਸਦੀ ਸ਼ੁਰੂਆਤ ਹੋਈ। ਭਾਜਪਾ ਦੇ ਵੱਡੇ ਆਗੂ ਸੰਸਦ ਮੈਂਬਰ ਸ਼ਵੇਤ ਮਲਿਕ ਦਾ ਘਰ 29 ਜੱਥੇਬੰਦੀਆਂ ਦੇ ਥੜੇ ਵੱਲੋਂ ਲਗਾਤਾਰ ਘੇਰਿਆ ਹੋਇਆ ਹੈ। ਕਿਰਤੀ ਕਿਸਾਨ ਯੂਨੀਅਨ ਦੀ ਅਜਨਾਲਾ ਤਹਿਸੀਲ ਇਸ ਘਿਰਾਓ ਵਿੱਚ ਲਗਾਤਾਰ ਸਰਗਰਮੀ ਨਾਲ ਜੁਟੀ ਹੋਈ ਹੈ। ਇਸਤੋਂ ਬੁਖਲਾਏ ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਨੇ ਨਾ ਸਿਰਫ ਵਿਰੋਧੀ ਬਿਆਨਬਾਜ਼ੀ ਕੀਤੀ ਬਲਕਿ ਉਹ ਅਜਨਾਲਾ ਤਹਿਸੀਲ ਦੇ ਪਿੰਡਾਂ ਵਿੱਚ ਕਿਸਾਨਾਂ ਨੂੰ ਗੁੰਮਰਾਹ ਕਰਨ ਲਈ ਤੁਰ ਪਿਆ। ਉਸਦੇ ਹਰਸੀ ਛੀਨਾ ਆਉਣ ਦੀ ਭਿਣਕ ਪੈਣ 'ਤੇ ਕਿਰਤੀ ਕਿਸਾਨ ਯੂਨੀਅਨ ਦੇ ਜੱਥੇ ਨੇ ਉਸਦਾ ਘਿਰਾਓ ਕਰਕੇ ਭੁੰਜੇ ਬਿਠਾ ਲਿਆ ਜਿੱਥੇ ਵਿਚਾਰ-ਚਰਚਾ ਵਿੱਚ ਉਹ ਹੱਥ ਜੋੜ ਕੇ ਤੌਬਾ ਕਰਕੇ ਛੁੱਟਿਆ ਕਿ, "ਅੱਗੇ ਤੋਂ ਉਹ ਇਨ੍ਹਾਂ ਕਾਨੂੰਨਾਂ ਦੇ ਹੱਕ ਵਿੱਚ ਪਿੰਡਾਂ ਵਿੱਚ ਨਹੀਂ ਵੜੇਗਾ।"

ਭਾਜਪਾ ਦੀ ਇੱਕ ਸੂਬਾਈ ਮੀਟਿੰਗ ਜਲੰਧਰ ਵਿਖੇ ਹੋ ਰਹੀ ਸੀ। ਉਸਦੀ ਪ੍ਰਧਾਨਗੀ ਬੜਬੋਲੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਰਨੀ ਸੀ। 29 ਜੱਥੇਬੰਦੀਆਂ ਦੇ ਜਲੰਧਰ ਵਿਚਲੇ ਆਗੂਆਂ ਨੂੰ ਭਿਣਕ ਪੈ ਗਈ, ਉਨ੍ਹਾਂ ਇੱਕ ਘੰਟੇ ਦੇ ਵਕਫੇ ਵਿੱਚ ਕਿਸਾਨਾਂ ਨੂੰ ਸੁਨੇਹੇ ਲਾ ਕੇ ਇਕੱਠਾ ਕਰ ਲਿਆ। ਭਾਜਪਾ ਪ੍ਰਧਾਨ ਕਈ ਘੰਟੇ ਘਿਰਿਆ ਰਿਹਾ। ਉਹ

ਬਾਹਰ ਨਿਕਲਣ ਦਾ ਜੇਰਾ ਨਾ ਕਰ ਸਕਿਆ। ਕਿਸਾਨਾਂ ਦੇ ਭਾਰੀ ਵਿਰੋਧ 'ਚ ਪੁਲੀਸ ਨੇ ਬੜੀ ਮੁਸ਼ਕਿਲ ਨਾਲ ਉਸਨੂੰ ਬਾਹਰ ਕੱਢਿਆ। ਮਗਰੋਂ ਹੁਸ਼ਿਆਰਪੁਰ-ਜਲੰਧਰ ਰੋਡ 'ਤੇ ਉਸਦੀ ਗੱਡੀ ਟੌਲ ਪਲਾਜੇ 'ਤੇ ਕਿਸਾਨਾਂ ਨੇ ਘੇਰ ਲਈ, ਜਿਸਨੂੰ ਉਸਨੇ ਗੱਡੀ ਦੇ ਸ਼ੀਸ਼ੇ ਭੰਨ ਕੇ 'ਜਾਨਲੇਵਾ' ਹਮਲੇ ਦੀ ਕਹਾਣੀ ਘੜਣ ਦੀ ਝੂਠੀ ਅਤੇ ਅਸਫ਼ਲ ਕੋਸ਼ਿਸ਼ ਕੀਤੀ। ਜਲੰਧਰ ਘੇਰਾਓ ਵਿੱਚ ਕਿਰਤੀ ਕਿਸਾਨ ਯੂਨੀਅਨ, ਨੌਜਵਾਨ ਭਾਰਤ ਸਭਾ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੀ ਸ਼ਮੂਲੀਅਤ ਤੋਂ ਇਲਾਵਾ ਦੋਆਬਾ ਕਿਸਾਨ ਸੰਘਰਸ਼ ਕਮੇਟੀ ਅਤੇ ਭਾਰਤੀ ਕਿਸਾਨ ਯੂਨੀਅਨ ਦੇ ਨਾਲ ਜੁੜੇ ਕਿਸਾਨ ਵੀ ਸ਼ਾਮਲ ਸਨ।

ਅਸ਼ਵਨੀ ਸ਼ਰਮਾ ਨੂੰ ਮਗਰੋਂ ਇੱਕ ਦੋ ਦਿਨ ਮਗਰੋਂ ਹੀ ਲੁਧਿਆਣਾ ਵਿਖੇ ਕਿਸਾਨਾਂ ਅਤੇ ਲੋਕਾਂ ਦੇ ਜਬਰਦਸਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇੱਥੇ ਕਿਰਤੀ ਕਿਸਾਨ ਯੂਨੀਅਨ ਅਤੇ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੀ ਅਗਵਾਈ ਹੇਠ ਕਿਸਾਨਾਂ ਨੇ ਭਾਜਪਾ ਆਗੂ ਨੂੰ ਨਾਨੀ ਚੇਤੇ ਕਰਾਈ।

ਸੰਗਰੂਰ ਵਿਖੇ ਇੱਕ ਸਕੂਲ ਵਿੱਚ ਭਾਜਪਾ ਨੇ ਕਿਰਾਏ 'ਤੇ ਕੁੱਝ ਪੱਲੇਦਾਰਾਂ ਨੂੰ ਕਿਸਾਨ ਬਣਾ ਕੇ ਇਕੱਠੇ ਕਰਕੇ ਵਰਚੁਅਲ ਕਿਸਾਨ ਮੀਟਿੰਗ ਦਾ ਪਖੰਡ ਕੀਤਾ। ਜਦੋਂ ਹੀ ਕਿਸਾਨ ਜੱਥੇਬੰਦੀਆਂ ਨੂੰ ਪਤਾ ਲੱਗਾ ਤਾਂ ਧਮਾਲ ਪੈ ਗਈ। ਰੇਲਵੇ ਸਟੇਸ਼ਨ ਸੰਗਰੂਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਸ ਮੀਟਿੰਗ ਨੂੰ ਰੋਕਣ ਲਈ ਤੁਰ ਪਏ। ਉਨ੍ਹਾਂ ਪੁਲੀਸ ਦੇ ਬੈਰੀਕੇਡ/ਨਾਕੇ ਵਗਾਹ ਕੇ ਪਰ੍ਹਾਂ ਮਾਰੇ। ਐਸ.ਐਸ.ਪੀ. ਸੰਗਰੂਰ ਖੁਦ ਦੌੜ ਕੇ ਪੁੱਜਿਆ। ਉਦੋਂ ਤੱਕ ਸਕੂਲ ਘੇਰਿਆ ਜਾ ਚੁੱਕਾ ਸੀ। ਅਖੀਰ ਮੀਟਿੰਗ ਰੁਕਵਾਈ ਗਈ। ਕਿਰਾਏ ਤੇ ਲਿਆਂਦੇ ਪੱਲੇਦਾਰਾਂ ਨੇ ਮੀਡੀਆ ਵਿੱਚ ਸੱਚਾਈ ਬਿਆਨ ਕੇ ਭਾਜਪਾ ਦਾ ਮੂੰਹ ਕਾਲਾ ਕਰ ਦਿੱਤਾ। ਜੱਥੇਬੰਦੀਆਂ ਦੀ ਤਸੱਲੀ ਹੋਣ ਮਗਰੋਂ ਹੀ ਲੋਕਾਂ ਦੇ ਕਾਫ਼ਲੇ ਵਾਪਸ ਮੁੜੇ। ਇਸ ਦਿਨ ਸੰਘਰਸ਼ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਨੇ ਸ਼ਲਾਘਾਯੋਗ ਭੂਮਿਕਾ ਨਿਭਾਈ। ਸੰਘਰਸ਼ ਵਿੱਚ ਬੀ.ਕੇ.ਯੂ. (ਡਕੌਂਦਾ ਅਤੇ ਸਿੱਧੂਪੁਰ), ਕੁੱਲ ਹਿੰਦ ਕਿਸਾਨ ਸਭਾ, ਜਮਹੂਰੀ ਕਿਸਾਨ ਸਭਾ, ਪੰਜਾਬ ਕਿਸਾਨ ਯੂਨੀਅਨ ਨੇ ਵੀ ਬਰਾਬਰ ਦਾ ਯੋਗਦਾਨ ਦਿੱਤਾ।

### ਭਾਜਪਾ ਵੱਲੋਂ ਭੜਕਾਊ ਪੈਂਤੜਾ

ਬੁਖਲਾਈ ਭਾਜਪਾ ਅਤੇ ਕੇਂਦਰ ਸਰਕਾਰ ਨੇ ਕਿਸਾਨਾਂ ਦੇ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਆਰ.ਐਸ.ਐਸ. ਦੇ ਪੁਰਾਣੇ ਨੁਸਖੇ 'ਲੋਕਾਂ ਨੂੰ ਇੱਕ ਦੂਜੇ ਵਿਰੁੱਧ ਧਰਮ, ਜਾਤ ਦੇ ਨਾਂ 'ਤੇ ਭੜਕਾ ਕੇ ਸੰਘਰਸ਼ ਨੂੰ ਤਾਰਪੀਡੋ ਤੇ ਬਦਨਾਮ ਕਰਨ ਦਾ ਸਾਜਿਸ਼ੀ' ਪੈਂਤੜਾ ਲਿਆ। ਉਸਨੇ ਦਲਿਤਾਂ ਅਤੇ ਕਿਸਾਨਾਂ ਵਿਚਕਾਰ ਜਾਤੀ ਵਿਰੋਧ ਨੂੰ ਹਵਾ ਦੇਣ ਲਈ ਆਪਣੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੂੰ ਮੂਹਰੇ ਲਾਇਆ। ਵਾਲਮੀਕ ਭਾਈਚਾਰੇ 'ਚ ਆਪਣੇ ਵਿੰਗ ਅੰਬੇਡਕਰ ਕ੍ਰਾਂਤੀ ਸੈਨਾ ਨੂੰ ਸ਼ਿਸ਼ਕੇਰ ਕੇ ਦਲਿਤ ਸਵੈਮਾਣ ਯਾਤਰਾ ਦਾ ਪਖੰਡ ਕੀਤਾ। ਇਸੇ ਪਖੰਡ ਤਹਿਤ ਨਵਾਂਸ਼ਹਿਰ ਵਿਖੇ ਡਾ. ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਉੱਪਰ ਫੁੱਲ ਭੇਟ ਕਰਨ ਦਾ ਪ੍ਰੋਗਰਾਮ ਰੱਖਿਆ। ਕਿਸਾਨ ਜੱਥੇਬੰਦੀਆਂ ਖਾਸ ਕਰਕੇ ਕਿਰਤੀ ਕਿਸਾਨ ਯੂਨੀਅਨ ਨੇ ਭਾਜਪਾ ਦੇ ਇਸ ਪਖੰਡੀ ਅਤੇ ਦੋਹਰੇ ਕਿਰਦਾਰ ਨੂੰ ਨੰਗਾ ਕਰ ਦਿੱਤਾ। 2014 ਮਗਰੋਂ ਭਾਜਪਾ ਦੀ ਕੇਂਦਰੀ ਹਕੂਮਤ ਅਤੇ ਸੂਬਾ ਸਰਕਾਰਾਂ ਲਗਾਤਾਰ ਦਲਿਤਾਂ ਖਾਸ ਕਰਕੇ ਔਰਤਾਂ ਅਤੇ ਨੌਜਵਾਨਾਂ ਉੱਪਰ ਅੱਤਿਆਚਾਰ ਕਰਦੇ ਆ ਰਹੇ ਹਨ। ਦਲਿਤਾਂ ਵੱਲੋਂ ਸੰਘਰਸ਼ ਕਰਕੇ ਹਾਸਲ ਕੀਤੇ ਅਧਿਕਾਰਾਂ ਨੂੰ ਲਗਾਤਾਰ ਖੋਰਾ ਲਾ ਰਹੇ ਹਨ। ਮੌਜੂਦਾ ਸਮੇਂ ਉੱਤਰ ਪ੍ਰਦੇਸ਼ ਵਿੱਚ ਵਾਪਰੀ ਹਾਥਰਸ ਗੈਂਗਰੇਪ ਅਤੇ ਕਤਲ ਦੀ ਘਟਨਾ ਭਾਜਪਾ ਅਤੇ ਆਰ.ਐਸ.ਐਸ. ਦੇ ਦਲਿਤਾਂ ਪ੍ਰਤੀ ਹੇਜ ਦੀ ਸੱਚਾਈ ਨੂੰ ਉਜਾਗਰ ਕਰਨ ਲਈ ਕਾਫੀ ਹੈ। ਕਿਰਤੀ ਕਿਸਾਨ ਯੂਨੀਅਨ ਦੀ ਨਵਾਂਸ਼ਹਿਰ ਇਕਾਈ ਨੇ ਡਾ. ਭੀਮ ਰਾਓ ਅੰਬੇਡਕਰ ਦੀ ਮੂਰਤੀ ਨੂੰ ਭਾਜਪਾ ਦੇ ਫਾਸ਼ੀਵਾਦੀ ਮਨਸੂਬਿਆਂ ਤੋਂ ਬਚਾਉਣ ਦਾ ਐਲਾਨ ਕਰ ਦਿੱਤਾ। ਕਿਸਾਨਾਂ ਅਤੇ ਭਾਜਪਾ ਦੇ ਮੁੱਠੀ ਭਰ ਅਨਸਰਾਂ ਵਿਚਕਾਰ ਤਕਰਾਰ ਵੀ ਹੋਇਆ। ਇੱਕ ਅੱਧ ਬੰਦੇ ਦੀ ਭੁਗਤ ਵੀ ਸਵਾਰੀ ਗਈ। ਪੁਲੀਸ ਵੱਲੋਂ ਹਲਕਾ ਬਲ-ਪ੍ਰਯੋਗ ਵੀ ਹੋਇਆ। ਪਰ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਕਿਸਾਨਾਂ ਨੇ ਭਾਜਪਾ ਦੀ ਚਾਲ ਫੇਲ ਕਰ ਦਿੱਤੀ। ਭਾਜਪਾ ਦੀ ਇਸ ਕਰਤੂਤ ਵਿਰੁੱਧ ਨਵਾਂਸ਼ਹਿਰ ਦੀਆਂ ਦਲਿਤ ਜੱਥੇਬੰਦੀਆਂ ਵੀ ਫੌਰੀ ਤੌਰ 'ਤੇ ਇਕੱਠੇ ਹੋ ਕੇ ਕਿਸਾਨਾਂ ਦੀ ਹਮਾਇਤ ਵਿੱਚ ਆ ਗਈਆਂ।

ਇਸ ਘਟਨਾ ਮਗਰੋਂ ਭਾਜਪਾਈ ਲਾਣੇ ਨੂੰ ਮੂੰਹ ਦੀ ਖਾਣੀ ਪਈ। ਉਸਦੀ ਭੜਕਾਊ ਚਾਲ ਠੁੱਸ ਹੋ ਕੇ ਰਹਿ ਗਈ। ਰਾਜਪੁਰਾ ਵਿਖੇ ਵੀ ਬੀ.ਕੇ.ਯੂ. (ਕ੍ਰਾਂਤੀਕਾਰੀ), ਕ੍ਰਾਂਤੀਕਾਰੀ ਕਿਸਾਨ ਯੂਨੀਅਨ ਅਤੇ ਬੀ.ਕੇ.ਯੂ. (ਸਿੱਧੂਪੁਰ) ਦੀ ਅਗਵਾਈ ਹੇਠ ਭਾਜਪਾ ਦੇ ਕਿਸਾਨ ਵਿੰਗ ਦੇ ਹਰਜੀਤ ਸਿੰਘ ਗਰੇਵਾਲ ਦਾ ਘਿਰਾਓ ਕੀਤਾ ਗਿਆ।

## ਭਾਜਪਾ ਦਾ ਸਮਾਜਿਕ ਅਧਾਰ ਖਿਸਕਿਆ

ਲੋਕ ਸੰਘਰਸ਼ ਦੇ ਚੋਟ ਨਿਸ਼ਾਨੇ 'ਤੇ ਆਈ ਭਾਜਪਾ ਦੇ ਸਮਾਜਿਕ ਅਧਾਰ ਨੂੰ ਵੀ ਖੋਰਾ ਲੱਗਿਆ ਹੈ। ਉਸਦੇ ਬਹੁਤ ਸਾਰੇ ਅਹੁਦੇਦਾਰ ਅਤੇ ਮੈਂਬਰ ਉਸਤੋਂ ਕਿਨਾਰਾ ਕਰਕੇ ਅਸਤੀਫਾ ਦੇ ਗਏ ਹਨ। ਬੁਖਲਾਈ ਭਾਜਪਾ ਨੇ ਕੇਂਦਰੀ ਆਗੂਆਂ ਨਾਲ ਮੀਟਿੰਗ ਕਰਕੇ ਕਿਸਾਨ ਘੋਲ ਵਿਰੁੱਧ ਜ਼ਹਿਰ ਉਗਲਨ ਦਾ ਨਵਾਂ ਪੈਂਤੜਾ ਲਿਆ ਹੈ। ਹੁਣ ਉਹ ਇਸ ਘੋਲ ਨੂੰ 'ਅਰਬਨ ਨਕਸਲ', ਸ਼ਰਾਰਤੀ ਅਨਸਰਾਂ ਵੱਲੋਂ ਕੀਤਾ ਜਾ ਰਿਹਾ ਘੋਲ ਕਹਿ ਰਹੀ ਹੈ।

ਕੇਂਦਰੀ ਹਕੂਮਤ ਸੱਤਾ ਦੇ ਕੇਂਦਰੀਕਰਨ ਦੇ ਅਜੰਡੇ ਤਹਿਤ ਪੰਜਾਬ ਦੇ ਲੋਕਾਂ ਦੇ ਇਸ ਘੋਲ ਪ੍ਰਤੀ ਬਦਲਾਲਊ ਭਾਵਨਾ ਤਹਿਤ ਜ਼ਹਿਰ ਘੋਲ ਰਹੀ ਹੈ। ਉਹ ਸੂਬੇ ਦੇ ਅਧਿਕਾਰਾਂ 'ਤੇ ਛਾਪਾ ਮਾਰ ਰਹੀ ਹੈ। ਕਿਸਾਨ ਜੱਥੇਬੰਦੀਆਂ ਵੱਲੋਂ ਰੇਲ-ਲਾਈਨਾਂ ਤੋਂ ਧਰਨੇ ਚੱਕ ਲੈਣ ਦੇ ਬਾਵਜੂਦ ਮਾਲਗੱਡੀਆਂ ਦੀ ਆਵਾਜਾਈ ਰੋਕ ਦਿੱਤੀ ਗਈ ਹੈ। ਸੂਬੇ ਵਿੱਚ ਕੋਲੇ ਅਤੇ ਖਾਦ ਸਮੇਤ ਜ਼ਰੂਰੀ ਵਸਤਾਂ ਦੀ ਘਾਟ ਹੋ ਗਈ ਹੈ।

ਦੂਸਰੇ ਪਾਸੇ ਕਿਸਾਨ ਸੰਘਰਸ਼ ਦਾ ਸਰੂਪ ਵੀ ਕੌਮੀ ਪੱਧਰ ਦਾ ਬਣਦਾ ਜਾ ਰਿਹਾ ਹੈ। 350 ਤੋਂ ਉੱਪਰ ਜੱਥੇਬੰਦੀਆਂ ਨੇ ਆਪਸੀ ਤਾਲਮੇਲ ਕਰਕੇ 5 ਨਵੰਬਰ ਨੂੰ ਦੇਸ਼ ਪੱਧਰੀ ਚੱਕਾ ਜਾਮ ਦਾ ਸੱਦਾ ਦਿੱਤਾ ਹੈ।

## ਭਰਾਤਰੀ ਸਹਿਯੋਗ ਮਿਲਣਾ ਜਾਰੀ

ਕਿਸਾਨਾਂ ਦੇ ਘੋਲ ਨੂੰ ਸਮਾਜ ਦੇ ਹਰ ਤਬਕੇ ਤੋਂ ਸਹਿਯੋਗ ਮਿਲ ਰਿਹਾ ਹੈ। ਸਮਾਜ ਦੇ ਵੱਖ-ਵੱਖ ਤਬਕੇ ਜਿਵੇਂ ਪੇਂਡੂ ਮਜ਼ਦੂਰ, ਮੁਲਾਜ਼ਮ, ਦੁਕਾਨਦਾਰ, ਵਿਦਿਆਰਥੀ, ਔਰਤਾਂ ਅਤੇ ਆੜਤੀਏ ਸਭ ਸੰਘਰਸ਼ ਨੂੰ ਸਹਿਯੋਗ ਕਰ ਰਹੇ ਹਨ। ਇਹ ਤਬਕੇ ਸਾਉਣੀ ਦੇ ਸੀਜਨ ਦੌਰਾਨ ਆਪੋ-ਆਪਣਾ ਫਰਜ ਸਮਝ ਕੇ ਕਿਸਾਨਾਂ ਦੇ ਧਰਨਿਆਂ ਵਿੱਚ ਹਿੱਸਾ ਪਾ ਕੇ ਗਿਣਤੀ ਵਧਾ ਰਹੇ ਹਨ। ਕਈ ਥਾਵਾਂ 'ਤੇ ਲੇਖਕਾਂ ਅਤੇ ਰੰਗਕਰਮੀ ਸੱਭਿਆਚਾਰਕ ਕਾਮਿਆਂ ਨੇ ਉਤਸ਼ਾਹਜਨਕ ਹਿੱਸਾ ਪਾਇਆ ਹੈ। ਉਹ ਨਾਟਕਾਂ, ਕਵਿਤਾਵਾਂ ਅਤੇ ਗੀਤਾਂ ਨਾਲ ਆਪਣੀ ਹਾਜ਼ਰੀ ਲਗਵਾ ਰਹੇ ਹਨ।

ਨੌਜਵਾਨ ਭਾਰਤ ਸਭਾ ਨੇ ਸੰਗਰੂਰ ਅਤੇ ਮੋਗਾ ਵਿਖੇ ਆਰ.ਐਸ.ਐਸ. ਦੇ ਦਫ਼ਤਰਾਂ ਮੂਹਰੇ ਪ੍ਰਦਰਸ਼ਨ ਕੀਤੇ ਹਨ। ਸੰਗਰੂਰ ਵਿਖੇ ਦੋ ਗ੍ਰਿਫਤਾਰੀਆਂ ਵੀ ਹੋਈਆਂ ਹਨ। ਉਥੇ ਕੇਸ ਦਰਜ ਕਰਕੇ ਆਗੂਆਂ ਨੂੰ ਜੇਲ੍ਹ ਭੇਜਿਆ ਗਿਆ ਹੈ। ਸੰਘਰਸ਼ ਅਜੇ ਅੱਗੇ ਵਧ ਰਿਹਾ, ਇਸ ਉਤਸ਼ਾਹਜਨਕ ਸੰਘਰਸ਼ ਨੇ ਇੱਕ ਨਵਾਂ ਇਤਿਹਾਸ ਸਿਰਜਣਾ ਹੈ।

# ਬਾਬਾ ਬੰਦਾ ਸਿੰਘ ਬਹਾਦਰ ਦੇ 350 ਸਾਲਾ ਜਨਮ ਦਿਹਾੜੇ ਮੌਕੇ ਕਿਸਾਨ ਘੋਲ ਨੂੰ ਤੇਜ ਕਰਨ ਦਾ ਅਹਿਦ

ਕਿਰਤੀ ਕਿਸਾਨ ਯੂਨੀਅਨ ਅਤੇ ਉਸਦੇ ਯੂਥ ਵਿੰਗ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਹਾੜੇ ਨੂੰ ਸਮਰਪਿਤ ਚਾਰ ਕਿਸਾਨ ਕਾਨਫ਼ਰੰਸਾਂ ਕੀਤੀਆਂ ਗਈਆਂ।

ਦੱਖਣੀ ਮਾਲਵੇ ਦੀ ਕਾਨਫਰੰਸ ਗੁਰੂ ਗੋਬਿੰਦ ਸਿੰਘ ਜੀ ਵਲੋਂ ਜ਼ਫ਼ਰਨਾਮਾ ਲਿਖੇ ਜਾਣ ਵਾਲੇ ਸਥਾਨ ਦੀਨਾ-ਕਾਂਗੜ ਅਤੇ ਦੁਆਬੇ ਦੀ ਕਾਨਫਰੰਸ ਰਾਹੋਂ ਵਿਖੇ 26 ਅਕਤੂਬਰ ਨੂੰ ਅਤੇ ਮਾਝੇ ਦੀ ਕਾਨਫਰੰਸ ਗੁਰਦਾਸ-ਨੰਗਲ ਦੇ ਇਤਿਹਾਸਕ ਸਥਾਨ ਵਿਖੇ ਅਤੇ ਉੱਤਰੀ ਮਾਲਵੇ ਦੀ ਕਾਨਫਰੰਸ ਫ਼ਤਿਹਗੜ੍ਹ ਸਾਹਿਬ ਦੀ ਇਤਿਹਾਸਕ ਧਰਤੀ 'ਤੇ 27 ਅਕਤੂਬਰ ਨੂੰ ਕੀਤੀ ਗਈ।

ਦੀਨਾ ਕਾਂਗੜ ਦੀ ਕਾਨਫਰੰਸ ਵਿੱਚ ਤਿੰਨ ਹਜ਼ਾਰ ਕਿਸਾਨ ਜਦੋਂ ਕਿ ਬਾਕੀ ਸਥਾਨਾਂ 'ਤੇ ਬਾਰਾਂ-ਪੰਦਰਾ ਸੌ ਦੇ ਵਿਚਕਾਰ ਕਿਸਾਨ ਸ਼ਾਮਲ ਹੋਏ। ਕਾਨਫਰੰਸਾਂ ਵਿੱਚ ਆਗੂਆਂ ਨੇ ਬੰਦਾ ਬਹਾਦਰ ਦੀ ਜੀਵਨੀ ਅਤੇ ਸੰਘਰਸ਼ ਬਾਰੇ ਚਾਨਣਾ ਪਾਇਆ ਤੇ ਅਖੀਰ 'ਚ ਕਾਨਫਰੰਸਾਂ ਵਿੱਚ ਹਾਜ਼ਰ ਸਮੁੱਚੇ ਲੋਕਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਸੇਧ ਲੈਂਦਿਆਂ ਖੇਤੀ ਕਾਨੂੰਨਾਂ, ਕਾਰਪੋਰੇਟ ਘਰਾਣਿਆਂ, ਜਾਤ-ਪਾਤੀ ਦਮਨ ਅਤੇ ਲੁਟੇਰੇ ਹਾਕਮਾਂ ਖਿਲਾਫ਼ ਸੰਘਰਸ਼ ਕਰਨ ਅਤੇ ਦੱਬੇ ਕੁਚਲੇ ਲੋਕਾਂ ਦੇ ਹੱਕ 'ਚ ਖੜਨ ਦਾ ਅਹਿਦ ਲਏ।

ਕਾਨਫਰੰਸਾਂ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਸੂਬਾ ਮੀਤ ਪ੍ਰਧਾਨ ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਜਨਰਲ ਸਕੱਤਰ ਸਤਬੀਰ ਸਿੰਘ ਸੁਲਤਾਨੀ, ਸੂਬਾ ਆਗੂ ਜਤਿੰਦਰ ਛੀਨਾ, ਸੰਤੋਖ ਸੰਧੂ, ਹਰਮੇਸ਼ ਢੇਸੀ, ਅਮਰਜੀਤ ਅਤੇ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਜਗੀਰਦਾਰਾਂ ਤੋਂ ਜਮੀਨਾਂ ਖੋਹਕੇ ਹਲਵਾਹਕਾਂ ਨੂੰ ਦੇਣਾ ਅਤੇ ਜਗੀਰਦਾਰ ਖਤਮ ਕਰਕੇ ਖਾਲਸਾ ਪੰਚਾਇਤਾਂ ਬਣਾਉਣਾ ਅਤੇ ਬਿਨਾਂ ਕਿਸੇ ਜਾਤੀ, ਧਰਮ ਦੇ ਵਿਤਕਰੇ ਤੋਂ ਪਿੰਡਾਂ ਦੀਆਂ ਸਰਦਾਰੀਆਂ ਦੇਣਾ ਸਾਬਤ ਕਰਦਾ ਹੈ ਕਿ ਬੰਦਾ ਸਿੰਘ ਬਹਾਦਰ ਦਾ ਖਾਲਸਾ ਰਾਜ ਕਿਰਤੀ ਲੋਕਾਂ ਦੀ ਪੁੱਗਤ

ਵਾਲਾ ਸੀ ਤੇ ਦੁਨੀਆਂ ਦਾ ਪਹਿਲਾ ਇਨਕਲਾਬ ਸੀ। ਪਹਿਲੀ ਵਾਰ ਪੰਜਾਬ ਦੀ ਧਰਤੀ ਤੋਂ ਮੁਗ਼ਲ ਰਾਜ ਦਾ ਸਫਾਇਆ ਕਰਕੇ ਖਾਲਸਾ ਰਾਜ ਦੀ ਸਥਾਪਤੀ ਹੋਈ। ਮੁਗਲ ਹਕੂਮਤ ਦੇ ਜਬਰ ਖਿਲਾਫ 780 ਸਿੰਘਾਂ ਅਤੇ ਆਪਣੇ ਪਰਵਾਰ ਸਮੇਤ ਤਸੀਹੇ ਝੱਲ ਕੇ ਕੁਰਬਾਨੀ ਦੇਣ ਦੀ ਅਦੁੱਤੀ ਮਿਸਾਲ ਪੇਸ਼ ਕੀਤੀ। ਅੱਜ ਵੀ ਦੇਸ਼ ਦੇ ਹਾਕਮ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਅਤੇ ਸਰਮਾਏਦਾਰੀ ਨਾਲ ਮਿਲ ਕੇ ਸਾਡੇ ਦੇਸ਼ ਦੇ ਜਲ, ਜੰਗਲ ਅਤੇ ਜ਼ਮੀਨ ਨੂੰ ਲੁੱਟਣ ਲੱਗੇ ਹਨ, ਦੇਸ਼ 'ਚ ਧਰਮ, ਜਾਤ ਦੇ ਆਧਾਰ ਤੇ ਵਿਤਕਰਾ ਸਿਖਰਾਂ ਤੇ ਹੈ। ਖੇਤੀ ਵਿਰੋਧੀ ਕਾਨੂੰਨ ਵੀ ਇਸੇ ਦਿਸ਼ਾ 'ਚ ਇੱਕ ਹੋਰ ਕਦਮ ਹਨ। ਸਾਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਤੋਂ ਸੇਧ ਲੈਂਦਿਆਂ ਇਸ ਜਾਤ-ਪਾਤੀ ਤੇ ਧਾਰਮਕ ਅਸਹਿਣਸ਼ੀਲਤਾ ਨੂੰ ਖਤਮ ਕਰਨ ਲਈ ਵਿਸ਼ਾਲ ਜਨਤਕ ਖਾੜਕੂ ਘੋਲਾਂ ਦੀ ਉਸਾਰੀ ਕਰਨਾ ਹੀ ਇਕੋ ਇਕ ਹੱਲ ਹੈ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਤਰਲੋਚਨ ਸਿੰਘ ਝੋਰੜਾਂ, ਯੂਥ ਵਿੰਗ ਦੇ ਸੂਬਾਈ ਆਗੂ ਜਸਦੀਪ ਸਿੰਘ ਬਹਾਦਰਪੁਰ ਤੇ ਮਨੋਹਰ ਸਿੰਘ ਝੋਰੜਾਂ ਨੇ ਕਿਹਾ ਕਿ ਖੇਤੀ ਕਾਨੂੰਨ ਲਿਆ ਕੇ ਮੋਦੀ ਹਕੂਮਤ ਨੇ ਪੰਜਾਬ ਦੀ ਖੇਤੀ ਨੂੰ ਤਬਾਹ ਕਰਨ ਦਾ ਮੁੱਢ ਬੰਨ੍ਹਿਆ ਹੈ ਅਤੇ ਮਾਲ ਗੱਡੀਆਂ ਬੰਦ ਕਰਕੇ ਪਹਿਲਾਂ ਹੀ ਮੰਦੀ ਦਾ ਸ਼ਿਕਾਰ ਪੰਜਾਬ ਦੇ ਵਪਾਰੀ ਵਰਗ ਦਾ ਵੀ ਮੋਦੀ ਹਕੂਮਤ ਲੱਖ ਤੋੜਨਾ ਹੁੰਦੀ ਹੈ ਤੇ ਪੰਜਾਬ ਨੂੰ ਝੁਕਾਉਣਾ ਚਾਹੁੰਦੀ ਹੈ। ਪੰਜਾਬ ਦੇ ਲੋਕ ਝੁਕਣ ਦੀ ਬਜਾਏ ਇੱਕਮੁੱਠ ਹੋ ਕੇ ਮੋਦੀ ਹਕੂਮਤ ਖਿਲਾਫ਼ ਸੰਘਰਸ਼ ਕਰਨਗੇ। ਇਸ ਮੌਕੇ ਰਸੂਲਪੁਰ ਦੇ ਕਵੀਸ਼ਰੀ ਜਥੇ ਅਤੇ ਗਿਆਨੀ ਗੁਰਦੀਪ ਸਿੰਘ ਉੜਾਪੜ ਦੇ ਢਾਡੀ ਜਥੇ ਨੇ ਇਤਿਹਾਸਕ ਅਤੇ ਇਨਕਲਾਬੀ ਵਾਰਾਂ ਸੁਣਾ ਕੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ।

## ਔਰਤਾਂ ਨਾਲ ਬਲਾਤਕਾਰ ਤੇ ਹਿੰਸਾ ਖਿਲਾਫ਼ ਇਸਤਰੀ ਜਾਗਰਿਤੀ ਮੰਚ ਵੱਲੋਂ ਪ੍ਰਦਰਸ਼ਨ

ਦੇਸ਼ ਅੰਦਰ ਬਲਾਤਕਾਰ ਤੇ ਹੱਤਿਆ ਦੇ ਵਧ ਰਹੇ ਮਾਮਲਿਆਂ ਅਤੇ ਘਰੇਲੂ ਹਿੰਸਾ ਖਿਲਾਫ਼ ਇਸਤਰੀ ਜਾਗਰਿਤੀ ਮੰਚ ਪਟਿਆਲਾ ਵੱਲੋਂ ਜ਼ਿਲ੍ਹੇ ਅੰਦਰ ਵੱਖ-ਵੱਖ ਥਾਂ ਰੋਸ ਪ੍ਰਦਰਸ਼ਨ ਕੀਤੇ ਗਏ। ਹਾਥਰਸ ਤੇ ਬਲਰਾਮਪੁਰ ਵਿਖੇ ਹੋਏ ਬਲਾਤਕਾਰ ਤੇ ਹੱਤਿਆ ਦੇ ਮਾਮਲੇ ਨੂੰ ਲੈ ਕੇ ਜੱਥੇਬੰਦੀ ਵੱਲੋਂ 1 ਅਕਤੂਬਰ ਨੂੰ ਰਿਪੁਦਮਨ ਕਾਲਜ ਨਾਭਾ ਅਤੇ ਨਿਊ ਪ੍ਰੋਫੈਸਰ ਕਲੋਨੀ ਪਟਿਆਲਾ ਵਿਖੇ ਰੋਸ ਪ੍ਰਗਟ ਕੀਤਾ। 5 ਅਕਤੂਬਰ ਨੂੰ ਇਸਤਰੀ ਜਾਗਰਿਤੀ ਮੰਚ ਦੇ ਸੱਦੇ 'ਤੇ ਭਰਾਤਰੀ ਜੱਥੇਬੰਦੀਆਂ ਵੱਲੋਂ ਨਹਿਰੂ ਪਾਰਕ 'ਚ ਰੈਲੀ ਕਰਨ ਮਗਰੋਂ ਵਾਲਮੀਕ ਚੌਕ ਪਟਿਆਲਾ ਤੱਕ ਮਾਰਚ ਕਰਕੇ ਮੋਦੀ ਤੇ ਯੋਗੀ ਦਾ ਪੁਤਲਾ ਫੂਕਿਆ ਗਿਆ। 6 ਅਕਤੂਬਰ ਨੂੰ ਪਿੰਡ ਸੁਨਿਆਰਹੇੜੀ ਵਿਖੇ ਗੈਸ ਏਜੰਸੀ ਵਰਕਰਜ਼ ਯੂਨੀਅਨ ਦੇ ਸਹਿਯੋਗ ਨਾਲ ਪਿੰਡ ਦੀਆਂ ਵੱਡੀ ਗਿਣਤੀ ਔਰਤਾਂ ਨਾਲ ਮੋਮਬੱਤੀ ਮਾਰਚ ਕੱਢ ਕੇ ਰੋਸ ਪ੍ਰਗਟ ਕੀਤਾ।

29 ਅਕਤੂਬਰ ਨੂੰ ਔਰਤ ਜੱਥੇਬੰਦੀਆਂ ਦੇ ਦੇਸ਼ ਪੱਧਰੀ ਸੱਦੇ ਤਹਿਤ ਕਮਿਸ਼ਨਰ ਪਟਿਆਲਾ ਦੇ ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜਿਆ ਗਿਆ। ਜਿਸ ਵਿੱਚ ਹਾਥਰਸ ਦੀ ਪੀੜਿਤਾ ਨੂੰ ਇਨਸਾਫ, ਯੂਪੀ ਦੀ ਯੋਗੀ ਸਰਕਾਰ ਨੂੰ ਬਰਖਾਸਤ ਕਰਨ, ਲੜਕੀ ਦੀ ਰਾਤ ਨੂੰ ਸਸਕਾਰ ਕਰਕੇ ਸਬੂਤ ਮਿਟਾਉਣ ਵਾਲੇ ਉੱਚ ਅਧਿਕਾਰੀਆਂ ਵਿਰੁੱਧ ਕਾਰਵਾਈ, ਸੁਪਰੀਮ ਕੋਰਟ ਵੱਲੋਂ ਅਲਾਹਾਬਾਦ ਹਾਈਕੋਰਟ ਦੁਆਰਾ ਸੀਬੀਆਈ ਤੋਂ ਸਮਾਂਬੱਧ ਪੜਤਾਲ ਕਰਵਾਉਣ, ਬੁਟਾਨਾ ਕਸਟੋਡੀਅਲ ਬਲਾਤਕਾਰ ਵਿੱਚ ਜਿਨ੍ਹਾਂ ਪੁਲੀਸ ਕਰਮੀਆਂ ਨੇ ਲੜਕੀ ਉੱਤੇ ਹਿੰਸਾ ਤੇ ਬਲਾਤਕਾਰ ਕੀਤਾ ਦੇ ਉੱਪਰ ਐਸ.ਸੀ./ਐਸ.ਟੀ. ਐਕਟ ਲਗਾਉਣ, ਲਿੰਗਕ ਹਿੰਸਾ ਤੇ ਬਲਾਤਕਾਰ ਦੀ ਧਾਰਾ ਹੇਠ ਚਾਰਜ ਲਗਾਏ ਜਾਣ, ਬਲਮਗੜ੍ਹ ਵਿੱਚ ਗੋਲੀ ਮਾਰ ਕੇ ਕਤਲ ਕੀਤੀ ਲੜਕੀ ਦੇ ਕਾਤਲਾਂ ਨੂੰ ਜਲਦ ਗ੍ਰਿਫਤਾਰ ਕਰਕੇ ਸੈਕਸੂਅਲ ਅਸਾਲਟ ਦੇ ਕਾਨੂੰਨ ਤਹਿਤ ਅਤੇ ਕਤਲ ਦਾ ਕੇਸ ਦਰਜ ਕੀਤਾ ਜਾਵੇ, ਪੰਜਾਬ ਅੰਦਰ ਔਰਤਾਂ ਨਾਲ ਵਧ ਰਹੇ ਹਿੰਸਾ ਤੇ ਲਿੰਗਕ ਹਮਲਿਆਂ ਦੇ ਮੱਦੇਨਜ਼ਰ ਔਰਤਾਂ ਦੀ ਸੁਰੱਖਿਆ ਲਈ ਪ੍ਰਬੰਧ ਕੀਤੇ ਜਾਣ, ਅਪਰਾਧੀਆਂ ਨੂੰ ਸਜ਼ਾਵਾਂ ਦੇਣ ਦਾ ਪ੍ਰਬੰਧ ਜਸਟਿਸ ਵਰਮਾ ਕਮੇਟੀ (2013) ਦੀਆਂ ਸਿਫਾਰਿਸ਼ਾਂ ਅਨੁਸਾਰ ਜਲਦੀ ਕੀਤਾ ਜਾਵੇ, ਘਰੇਲੂ ਹਿੰਸਾ ਤੇ ਯੌਨ ਹਿੰਸਾ ਦੀਆਂ ਸ਼ਿਕਾਰ ਲੜਕੀਆਂ ਅਤੇ ਮਨਇੱਛਤ ਵਿਆਹ ਕਰਵਾਉਣ ਵਾਲੀਆਂ ਹਿੰਸਾ ਦਾ ਸ਼ਿਕਾਰ ਲੜਕੀਆਂ ਲਈ ਮਾਣਯੋਗ ਉੱਚ ਅਦਾਲਤਾਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਰਕਾਰ ਥੋੜੇ ਤੇ ਲੰਮੇ ਸਮੇਂ ਲਈ ਰਹਿਣ ਟਿਕਾਣੇ ਸਥਾਪਿਤ ਕਰਕੇ ਮੁੜ-ਵਸੇਬੇ ਲਈ ਨੌਕਰੀਆਂ ਦਾ ਪ੍ਰਬੰਧ ਕਰੇ, ਦਲਿਤ ਔਰਤਾਂ ਨਾਲ ਯੌਨ ਹਿੰਸਾ ਦੇ ਕੇਸਾਂ ਵਿੱਚ ਐਸ.ਸੀ./ਐਸ.ਟੀ. ਅੱਤਿਆਚਾਰ ਐਕਟ ਤਹਿਤ ਵੀ ਕਾਰਵਾਈ ਕੀਤੀ ਜਾਵੇ। ਕੰਮ ਵਾਲੀਆਂ ਥਾਵਾਂ ਉੱਪਰ ਲਿੰਗਕ ਹਿੰਸਾ ਤੇ ਲਿੰਗਕ ਪੱਖਪਾਤ ਕਮੇਟੀਆਂ ਬਣਾਉਣੀਆਂ ਯਕੀਨੀ ਕੀਤੀਆਂ ਜਾਣ ਅਤੇ ਔਰਤਾਂ ਲਈ ਬਣੀ ਹੈਲਪਲਾਈਨ 112 'ਤੇ ਕੀਤੀ

ਸ਼ਿਕਾਇਤ ਨੂੰ ਐਫ.ਆਈ.ਆਰ. ਦੇ ਬਰਾਬਰ ਮੰਨਿਆ ਜਾਵੇ ਆਦਿ ਮੰਗਾਂ ਉਭਾਰੀਆਂ ਗਈਆਂ।

ਇਹਨਾਂ ਪ੍ਰਦਰਸ਼ਨਾਂ ਨੂੰ ਸੰਬੋਧਨ ਕਰਦਿਆਂ ਜੱਥੇਬੰਦੀ ਦੇ ਆਗੂ ਅਮਨਦੀਪ ਦਿਓਲ, ਸੁਮਨ ਪਟਿਆਲਾ ਤੇ ਸਪਨਾ ਪਟਿਆਲਾ ਨੇ ਕਿਹਾ ਕਿ ਹਾਥਰਸ ਵਿਖੇ ਆਨਲਾਈਨ ਡਾਇਰੀ ਵਿੱਚੋਂ ਦੋਸ਼ੀਆਂ 'ਤੇ ਪਾਏ ਪਰਚੇ ਡਾਇਰੀ ਵਿੱਚੋਂ ਹਟਾਉਣਾ, ਪੀੜਤ ਪਰਿਵਾਰ ਉੱਪਰ ਤਸ਼ੱਦਦ ਕਰਨਾ, ਪੀੜਤ ਲੜਕੀ ਦੀ ਲਾਸ਼ ਪਰਿਵਾਰ ਨੂੰ ਦਿਖਾਏ ਬਿਨਾਂ ਰਾਤ ਨੂੰ ਸਸਕਾਰ ਕਰਨਾ, ਆਸਿਫਾ ਮਾਮਲੇ ਸਮੇਂ ਭਾਜਪਾ ਕਾਰਕੁੰਨਾਂ ਦੁਆਰਾ ਤਿਰੰਗਾ ਝੰਡਾ ਲਹਿਰਾ ਕੇ ਮਾਰਚ ਕੱਢਣਾ ਭਾਜਪਾ-ਆਰ.ਐਸ.ਐਸ. ਦੇ ਦਲਿਤ, ਔਰਤ ਅਤੇ ਘੱਟ-ਗਿਣਤੀ ਵਿਰੋਧੀ ਚਿਹਰੇ ਨੂੰ ਨੰਗਾ ਕਰਦਾ ਹੈ। ਇਹਨਾਂ ਪ੍ਰਦਰਸ਼ਨਾਂ ਦੌਰਾਨ ਔਰਤਾਂ ਨੂੰ ਅਰਧ-ਜਗੀਰੂ ਸਮਾਜ ਦੀ ਪਿੱਤਰੀ ਸੋਚ ਤੇ ਆਰ.ਐਸ.ਐਸ. ਦੀ ਔਰਤ ਵਿਰੋਧੀ ਸੋਚ ਖਿਲਾਫ਼ ਡਟਣ ਦਾ ਸੱਦਾ ਦਿੱਤਾ ਗਿਆ।

ਜਲੰਧਰ ਜ਼ਿਲ੍ਹੇ ਵਿੱਚ ਇਸ ਘਟਨਾ ਵਿਰੁੱਧ ਮਹਿਤਪੁਰ, ਹਰਦੋ-ਫਰਾਲਾ, ਪੱਬਵਾਂ, ਸਮਰਾਵਾਂ, ਪ੍ਰਤਾਪਪੁਰਾ, ਸਾਦਿਕਪੁਰ, ਰੌਂਤਾ, ਢੱਡੋਵਾਲ, ਊਧੋਵਾਲ, ਪੰਡੋਰੀ, ਪਾੜਾ ਪਿੰਡ ਅਤੇ ਘੁੱਗਸ਼ੋਰ ਆਦਿ ਵਿਖੇ ਪ੍ਰਦਰਸ਼ਨ ਹੋਏ।

29 ਅਕਤੂਬਰ ਨੂੰ ਦੇਸ਼ ਪੱਧਰੀ ਸੱਦੇ ਤਹਿਤ ਜਲੰਧਰ ਵਿਖੇ ਹੋਏ ਪ੍ਰਦਰਸ਼ਨ ਨੂੰ ਇਸਤਰੀ ਜਾਗਰਿਤੀ ਮੰਚ ਦੇ ਜ਼ਿਲ੍ਹਾ ਪ੍ਰਧਾਨ ਅਨੀਤਾ ਸੰਧੂ, ਪ੍ਰੈਸ ਸਕੱਤਰ ਜਸਵੀਰ ਕੌਰ, ਨਿਰਮਲਜੀਤ ਕੌਰ, ਕੁਲਵੰਤ ਕੌਰ, ਦਿਲਜੀਤ ਕੌਰ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਜਨਵਾਦੀ ਇਸਤਰੀ ਸਭਾ ਦੇ ਡਾ. ਰਘਬੀਰ ਕੌਰ, ਨੀਲਮ ਘੁਮਾਣ, ਜਸਵਿੰਦਰ ਕੌਰ ਮਾਹੂੰਵਾਲ, ਕੰਚਨ ਸਿੰਘ, ਪਾਰਵਤੀ, ਊਸ਼ਾ ਪਾਸਲਾ ਆਦਿ ਨੇ ਸੰਬੋਧਨ ਕੀਤਾ ਅਤੇ ਸਟੇਜ ਸਕੱਤਰ ਦੀ ਭੂਮਿਕਾ ਪੀ.ਐਸ.ਯੂ. ਦੀ ਜ਼ਿਲ੍ਹਾ ਜਲੰਧਰ ਪ੍ਰਧਾਨ ਵਰਜੀਤ ਕੌਰ ਨੇ ਨਿਭਾਈ।

## ਨੌਜਵਾਨ ਭਾਰਤ ਸਭਾ ਅਤੇ ਪੰਜਾਬ ਯੂਨੀਅਨ ਵੱਲੋਂ ਭਾਜਪਾ ਦੀ ਮਾਂ ਜਥੇਬੰਦੀ ਆਰ.ਐਸ.ਐਸ. ਦੇ ਦਫ਼ਤਰ ਦਾ ਘਿਰਾਓ

ਨੌਜਵਾਨ ਭਾਰਤ ਸਭਾ ਦੇ ਇਨਵਾਇਟੀ ਸੂਬਾ ਕਮੇਟੀ ਮੈਂਬਰ ਕਰਮਜੀਤ ਮਾਣੂੰਕੇ, ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮੋਹਨ ਸਿੰਘ ਔਲਖ, ਨੌ.ਭਾ.ਸਭਾ ਦੇ ਇਲਾਕਾ ਪ੍ਰਧਾਨ ਰਜਿੰਦਰ ਸਿੰਘ, ਇਲਾਕਾ ਆਗੂ ਬ੍ਰਿਜ ਲਾਲ ਰਾਜੇਆਣਾ, ਇਲਾਕਾ ਕਮੇਟੀ ਮੈਂਬਰ ਸਤਨਾਮ ਸਿੰਘ ਡਾਲਾ, ਅਵਤਾਰ ਸਿੰਘ ਕੋਟਲਾ, ਰਾਜਦੀਪ ਸਿੰਘ ਨੇ ਕਿਹਾ ਕਿ ਖੁਦ ਨੂੰ ਕੌਮ ਨਿਰਮਾਤਾ ਗਰਦਾਨਣ ਵਾਲੀ, ਖੁਦ ਨੂੰ ਸੱਚੀ ਰਾਸ਼ਟਰਵਾਦੀ ਦੱਸਣ ਵਾਲੀ ਅੱਜ ਜਦੋਂ ਮੋਦੀ ਰਾਸ਼ਟਰ ਦੀ ਕੁੱਲ ਸੰਪੱਤੀ ਕਾਰਪੋਰੇਟ ਨੂੰ ਵੇਚ ਰਿਹਾ ਹੈ, ਤਾਂ ਆਰ.ਐਸ.ਐਸ. ਚੁੱਪ ਕਿਉਂ ਹੈ ? ਆਰ.ਐਸ.ਐਸ. ਕੋਈ ਰਾਸ਼ਟਰਵਾਦੀ ਸੰਸਥਾ ਨਹੀਂ ਬਲਕਿ ਇਹ ਕਾਰਪੋਰੇਟਵਾਦੀ ਸੰਸਥਾ ਹੈ। ਆਰ.ਐਸ.ਐਸ. ਬੀਜੇਪੀ ਦੇ ਨਾਲ ਕਿਸਾਨੀ ਦੇ ਹਿੱਤ ਅੰਬਾਨੀਆਂ, ਅਡਾਨੀਆਂ ਨੂੰ ਵੇਚ ਰਹੀ ਹੈ।

ਜਦੋਂ ਇਲਾਕਾ ਕਮੇਟੀ ਦੀ ਮੀਟਿੰਗ ਕਰਕੇ ਦਫ਼ਤਰ ਦੇ ਘਿਰਾਓ ਦਾ ਐਲਾਨ ਕੀਤਾ ਉਦੋਂ ਤੋਂ ਹੀ ਪ੍ਰਸ਼ਾਸਨ ਦੇ ਫੋਨ ਆਉਣੇ ਸ਼ੁਰੂ ਹੋ ਗਏ ਸਨ। ਤਿਆਰੀਆ ਪਿੰਡ ਕਮੇਟੀ ਦੀਆਂ ਮੀਟਿੰਗਾਂ ਕਰਕੇ ਖਬਰਾਂ ਤੇ ਸੋਸ਼ਲ ਮੀਡੀਏ ਤੇ ਪ੍ਰਚਾਰ ਕੀਤਾ ਗਿਆ। ਆਰ.ਐੱਸ.ਐੱਸ. ਪਹਿਲਾਂ ਸੰਗਰੂਰ ਵਿਖੇ ਹੋਏ ਪ੍ਰਦਰਸ਼ਨ ਤੋਂ ਪ੍ਰਭਾਵਿਤ ਸੀ ਉਸਨੂੰ ਪੰਜਾਬ ਵਿੱਚ ਆਵਦੀ ਹੋਂਦ ਬਣਾਈ ਰੱਖਣ ਲਈ ਖਤਰਾ ਲੱਗਾ ਏਸੇ ਲਈ ਆਰ.ਐਸ.ਐਸ. ਦਾ ਪੰਜਾਬ ਪ੍ਰਚਾਰਕ ਖੁਦ ਆਵਦੇ ਦਫ਼ਤਰ ਆਇਆ ਸੀ। ਉਸਨੇ ਨੌਜਵਾਨ ਭਾਰਤ ਸਭਾ ਵਿਰੁੱਧ ਬਿਆਨਬਾਜੀ ਵੀ ਕੀਤੀ ਸੀ ਅਤੇ ਦਰਖਾਸਤ ਵੀ ਦਿੱਤੀ ਸੀ। ਰੀਗਲ ਸਿਨੇਮਾ ਤੋਂ ਇਕੱਠੇ ਹੋ ਕੇ ਸ਼ਹਿਰ ਵਿੱਚ ਦੀ ਮਾਰਚ ਕਰਕੇ ਦਫ਼ਤਰ ਵੱਲ ਵਧੇ। ਪੁਲਿਸ ਵੱਡੀ ਗਿਣਤੀ ਵਿੱਚ ਤਾਇਨਾਤ ਸੀ। ਬੇਰੀਕੇਡ ਲਗਾਏ ਸੀ ਇਸ ਲਈ ਵਿਰੋਧ ਕਰਦੇ ਹੋਏ ਜਿੱਥੇ ਪੁਲਿਸ ਵੱਲੋਂ ਬੈਰੀਕੇਡ ਲਾ ਕੇ ਰੋਕ ਲਿਆ 150 ਦੇ ਕਰੀਬ ਨੌਜਵਾਨ ਵਿਦਿਆਰਥੀ ਨੇ ਉਸੇ ਜਗਾ 3 ਘੰਟੇ ਧਰਨਾ ਲਾ ਕੇ ਘਿਰਾਓ ਸ਼ੁਰੂ ਕਰ ਦਿੱਤਾ। ਇਸ ਘਿਰਾਉ ਕਰਕੇ ਹੀ, ਅਗਲੇ ਦਿਨ ਮੋਗੇ ਭਾਜਪਾ ਦੀ ਹੋਣ ਵਾਲੀ ਵਰਚੁਅਲ ਮੀਟਿੰਗ ਰੱਦ ਹੋ ਗਈ ਸੀ। ਇਹ ਸੰਘਰਸ਼ ਦੀ ਜਿੱਤ ਸੀ। ਇਸ ਦਿਨ ਲੁਧਿਆਣੇ ਤੇ ਮੋਗਾ ਮੀਟਿੰਗਾਂ ਹੋਣੀਆਂ ਸੀ। ਸਿਰਫ ਲੁਧਿਆਣੇ ਵਾਲੀ ਮੀਟਿੰਗ ਹੋਈ ਸੀ। ਮੋਗੇ ਵਾਲੀ ਡਰਦੇ ਰੱਦ ਕਰ ਗਏ ਸੀ।

ਇਸ ਮੌਕੇ ਹਰਜੀਤ ਸਿੰਘ ਜੀਤਾ, ਆਸਰਾ ਰਾਮ ਡਾਲਾ, ਸ਼ਹਿਰੀ ਕਮੇਟੀ ਕਨਵੀਨਰ ਜੈ ਪ੍ਰਕਾਸ਼, ਜਪਨਾਮ ਡਾਲਾ, ਜਤਿਨ ਕੁਮਾਰ, ਰਣਜੀਤ ਕੁਮਾਰ, ਰਾਜੂ ਡਾਲਾ, ਜਸਵੀਰ ਸਿੰਘ ਬੁਰਜ਼ ਦੁੱਨਾ ਆਦਿ ਹਾਜ਼ਰ ਸਨ।

# ਮਾਮਲਾ ਰਿਹਾਇਸ਼ੀ ਪਲਾਟਾਂ ਲਈ ਚੱਲ ਰਹੇ ਸੰਘਰਸ਼ ਦਾ
# ਦਲਿਤਾਂ ਉੱਤੇ ਹਮਲੇ ਵਿਰੁੱਧ ਪੇਂਡੂ ਮਜ਼ਦੂਰ ਯੂਨੀਅਨ ਵਲੋਂ ਥਾਣੇ ਦਾ ਘੇਰਾਓ

ਰਿਹਾਇਸ਼ੀ ਪਲਾਟਾਂ ਦਾ ਹੱਕ ਲੈਣ ਲਈ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਪਿੰਡ ਸਰਦਾਰਵਾਲਾ (ਜਲੰਧਰ) ਦੇ ਪੇਂਡੂ ਮਜ਼ਦੂਰ ਕਾਫੀ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਹਨ। ਗ੍ਰਾਮ ਸਭਾ ਦੇ ਮਿਤੀ 4 ਅਗਸਤ 2017 ਨੂੰ ਪੰਚਾਇਤ ਵੱਲੋਂ ਰਿਹਾਇਸ਼ੀ ਪਲਾਟ ਦੇਣ ਲਈ ਮਤਾ ਪਾਸ ਕੀਤਾ ਗਿਆ ਸੀ। ਇਸ ਦੇ ਬਾਵਜੂਦ ਬਲਾਕ ਦਫ਼ਤਰ ਦੇ ਅਧਿਕਾਰੀ, ਸਿਆਸਤਦਾਨਾਂ ਤੇ ਧਨਾਢ ਲੋਕਾਂ ਨਾਲ ਗੱਠਜੋੜ ਬਣਾ ਕੇ ਬੇਜ਼ਮੀਨੇ ਲੋਕਾਂ ਦਾ ਬਣਦਾ ਹੱਕ ਦੇਣ ਲਈ ਤਿਆਰ ਨਹੀਂ। ਪੰਚਾਇਤੀ ਜ਼ਮੀਨ 'ਚ ਪੇਂਡੂ ਚੌਧਰੀ ਜਾਣਬੁੱਝ ਕੇ ਵਾਟਰ ਸਪਲਾਈ ਦੀ ਟੈਂਕੀ ਬਣਾਉਣ ਲਈ ਕੁੱਲ ਜ਼ਮੀਨੀ ਰਕਬੇ ਦੇ ਐਨ ਵਿਚਕਾਰ ਸਾਜੋ-ਸਮਾਨ ਸੁੱਟ ਕੇ ਉਸਾਰੀ ਕਰਨ ਲੱਗੇ ਤਾਂ ਮਜ਼ਦੂਰਾਂ ਵਿਰੋਧ ਕਰਦਿਆਂ 19 ਸਤੰਬਰ ਨੂੰ ਜ਼ਮੀਨ 'ਚ ਪੱਕਾ ਮੋਰਚਾ ਲਗਾ ਦਿੱਤਾ। ਮਜ਼ਦੂਰਾਂ ਦਾ ਕਹਿਣਾ ਸੀ ਕਿ ਵਾਟਰ ਸਪਲਾਈ ਦੀ ਟੈਂਕੀ ਇੱਕ ਪਾਸੇ ਲਗਾ ਕੇ ਬਾਕੀ ਜ਼ਮੀਨ 'ਚ ਪਲਾਟ ਦਿੱਤੇ ਜਾਣ।

ਅੱਜ ਜਿਸ ਵਕਤ ਆਰ ਐੱਸ ਐੱਸ- ਭਾਜਪਾ ਸਰਕਾਰ ਵਲੋਂ ਪਾਸ ਕੀਤੇ ਗਏ ਲੋਕ ਵਿਰੋਧੀ ਖੇਤੀ ਕਾਨੂੰਨਾਂ ਖਿਲਾਫ਼ ਕਿਸਾਨਾਂ-ਮਜਦੂਰਾਂ ਵਲੋਂ ਲੜਿਆ ਜਾ ਰਿਹਾ ਅੰਦੋਲਨ ਸਿਖਰਾਂ ਉੱਤੇ ਹੈ। ਇਸ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਸੰਘ ਪਰਿਵਾਰ ਵਲੋਂ ਦਲਿਤ ਬਨਾਮ ਗੈਰ-ਦਲਿਤ ਤੇ ਹਿੰਦੂ ਬਨਾਮ ਸਿੱਖ ਮਸਲੇ ਨੂੰ ਖੜਾ ਕੀਤਾ ਜਾ ਰਿਹਾ ਹੈ ਤਾਂ ਉਸ ਵਕਤ ਕੁੱਝ ਮਨੂੰਵਾਦੀ ਲੋਕਾਂ ਵਲੋਂ 25 ਅਕਤੂਬਰ ਨੂੰ ਪਿੰਡ 'ਚ ਦਲਿਤਾਂ ਤੇ ਸੰਘਰਸ਼ ਦੀ ਅਗਵਾਈ ਕਰ ਰਹੇ ਪੇਂਡੂ ਮਜ਼ਦੂਰ ਆਗੂ ਤੇ ਉਸਦੇ ਪਰਿਵਾਰ ਉੱਤੇ ਸਾਜ਼ਿਸ਼ੀ ਢੰਗ ਨਾਲ ਹਮਲਾ ਕੀਤਾ ਗਿਆ। ਬੱਚਿਆਂ, ਬੁੱਢਿਆਂ, ਔਰਤਾਂ ਨੂੰ ਵੀ ਨਿਸ਼ਾਨਾ ਬਣਾ ਕੇ ਹਮਲੇ ਦਾ ਸ਼ਿਕਾਰ ਬਣਾਇਆ ਗਿਆ। ਹਮਲੇ ਦੀ ਸੂਚਨਾ ਮਿਲਦੇ ਸਾਰ ਹੀ ਯੂਨੀਅਨ ਆਗੂਆਂ ਵਲੋਂ ਪੇਂਡੂ ਮਜ਼ਦੂਰਾਂ ਨੂੰ ਨਾਲ ਲੈਕੇ ਪੁਲਿਸ ਥਾਣਾ ਲੋਹੀਆਂ ਖਾਸ ਦਾ ਘੇਰਾਓ ਕੀਤਾ ਗਿਆ। ਜਿਸ ਉਪਰੰਤ ਹਮਲਾਵਰਾਂ ਵਿਰੁੱਧ ਪੁਲਸ ਨੂੰ ਮਾਮਲਾ ਦਰਜ ਕਰਨਾ ਪਿਆ। ਇੱਥੇ ਵਰਨਣਯੋਗ ਹੈ ਕਿ 16 ਤੇ 17 ਅਕਤੂਬਰ ਨੂੰ ਦੋ ਔਰਤਾਂ ਤੇ ਇੱਕ ਨਾਬਾਲਗ ਬੱਚੇ ਦੀ ਕੁੱਟਮਾਰ ਕੀਤੀ ਗਈ। ਥਾਣੇ ਅੱਗੇ ਧਰਨਾ ਦਿੱਤਾ ਗਿਆ ਸੀ, ਜਿੱਥੇ ਪੁਲਿਸ ਅਧਿਕਾਰੀਆਂ ਨੇ ਕਾਰਵਾਈ ਦਾ ਭਰੋਸਾ ਦੇਣ ਦੇ ਬਾਵਜੂਦ ਉੱਚ ਸਿਆਸੀ ਦਬਾਅ ਹੇਠ ਹੋਣ ਕਰਕੇ ਕਾਰਵਾਈ ਨਾ ਕੀਤੀ। ਮਿਲੀ ਸਿਆਸੀ ਸਰਪ੍ਰਸਤੀ ਕਾਰਨ ਮਨੂੰਵਾਦੀ ਹੈਂਕੜਬਾਜ਼ ਲੋਕਾਂ ਨੇ 25 ਅਕਤੂਬਰ ਨੂੰ ਮੁੜ ਹਮਲਾ ਕਰਦਿਆਂ ਅਤੇ ਦਲਿਤਾਂ ਦਾ ਸਮਾਜਿਕ ਬਾਈਕਾਟ ਕਰ ਦਿੱਤਾ। ਪੀੜਤ ਦਲਿਤ ਪਰਿਵਾਰਾਂ ਨੂੰ ਵੱਟਾ ਬੰਨਿਆਂ ਉੱਤੇ ਚੜ੍ਹਨ, ਵੱਟਾਂ ਤੋਂ ਪੱਠੇ ਨਹੀਂ ਵੱਢਣ ਦਿੱਤੇ ਜਾ ਰਹੇ, ਹਮਲਾਵਰਾਂ ਦੀ ਸਰਕਾਰੇ ਦਰਬਾਰੇ ਪਹੁੰਚ ਹੋਣ ਕਰਕੇ ਪੁਲਿਸ ਨੇ ਹਮਲਾਵਰਾਂ ਨੂੰ ਅਜੇ ਤੱਕ ਗ੍ਰਿਫ਼ਤਾਰ ਨਹੀਂ ਕੀਤਾ। ਜਿਸ ਦੇ ਖਿਲਾਫ਼ ਯੂਨੀਅਨ ਵਲੋਂ ਕਰਤਾਰਪੁਰ, ਸਮਰਾਏ, ਜੰਡਿਆਲਾ ਮੰਜਕੀ, ਨਕੋਦਰ, ਮਹਿਤਪੁਰ, ਸ਼ਾਹਕੋਟ ਅਤੇ ਲੋਹੀਆਂ ਖਾਸ ਵਿਖੇ ਗੁੰਡਾ, ਪ੍ਰਸ਼ਾਸਨ ਅਤੇ ਪੁਲਿਸ ਗੱਠਜੋੜ ਦੇ ਪੁਤਲੇ ਫੂਕੇ ਗਏ, ਲੋਹੀਆਂ ਖਾਸ ਵਿਖੇ ਸੰਕੇਤਿਕ ਜਾਮ ਵੀ ਲਗਾਇਆ ਗਿਆ ਅਤੇ 10 ਨਵੰਬਰ ਨੂੰ ਸ਼ਾਹਕੋਟ ਵਿਖੇ ਜ਼ਿਲ੍ਹਾ ਪੱਧਰੀ ਧਰਨਾ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਗਿਆ।

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਸੀਨੀਅਰ ਮੈਂਬਰ ਗਿਆਨ ਚੰਦ ਦੀਵਾਲੀ, ਪ੍ਰਭਦਿਆਲ ਅਤੇ ਦੀਪਕ ਕੁਮਾਰ ਵੇਰਕਾ ਦੀ ਆਧਾਰਿਤ ਕਮਿਸ਼ਨ ਦੀ ਤਿੰਨ ਮੈਂਬਰੀ ਟੀਮ ਨੇ ਸਰਦਾਰਵਾਲਾ ਵਿਖੇ ਮਨੂੰਵਾਦੀ ਕੁੱਝ ਲੋਕਾਂ ਵਲੋਂ ਦਲਿਤਾਂ ਉੱਤੇ ਸਾਜ਼ਿਸ਼ੀ ਹਮਲੇ ਅਤੇ ਦਲਿਤਾਂ ਦੇ ਕੀਤੇ ਸਮਾਜਿਕ ਬਾਈਕਾਟ ਦੇ ਮਾਮਲੇ ਦੀ ਜਾਂਚ ਲਈ ਮਜਬੂਰਨ ਪਿੰਡ ਦਾ ਦੌਰਾ ਕਰਨਾ ਪਿਆ। ਕਮਿਸ਼ਨ ਮੈਂਬਰਾਂ ਨੂੰ ਐੱਸ.ਡੀ.ਐੱਮ. ਸਾਹਕੋਟ ਨੂੰ ਬੇਜ਼ਮੀਨੇ ਕਿਰਤੀਆਂ ਨੂੰ ਰਿਹਾਇਸ਼ੀ ਪਲਾਟ ਅਲਾਟ ਕਰਨ ਅਤੇ ਪੁਲਿਸ ਅਧਿਕਾਰੀਆਂ ਨੂੰ ਦਲਿਤਾਂ ਦਾ ਬਾਈਕਾਟ ਕਰਨ ਦੇ ਮਸਲੇ ਨੂੰ ਗੰਭੀਰਤਾ ਲੈ ਕੇ ਕਾਰਵਾਈ ਕਰਨ ਅਤੇ ਹਮਲਾਵਰਾਂ ਨੂੰ ਗਿਰਫ਼ਤਾਰ ਕਰਦਿਆਂ ਸਾਰੇ ਮਸਲੇ ਦੀ ਸਟੇਟਸ ਰਿਪੋਰਟ 17 ਨਵੰਬਰ ਨੂੰ ਕਮਿਸ਼ਨ ਦੇ ਚੰਡੀਗੜ੍ਹ ਦਫ਼ਤਰ ਲੈਣ ਕੇ ਆਉਣ ਦੇ ਆਦੇਸ਼ ਦੇਣੇ ਪਏ।

ਪੁਲਿਸ ਅਧਿਕਾਰੀਆਂ ਨੇ ਹਰਕਤ ਵਿੱਚ ਆਉਂਦੇ ਹੋਏ ਹਮਲਾਵਰਾਂ ਦੇ ਟਰੈਕਟਰ ਕਬਜ਼ੇ ਵਿੱਚ ਲੈਣ ਉਪਰੰਤ ਹਮਲਾਵਰਾਂ ਨੂੰ ਜਲਦੀ ਗਿਰਫ਼ਤਾਰ ਕਰਨ ਦਾ ਭਰੋਸਾ ਦਿੱਤਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਕੀਤੇ ਹਮਲੇ ਦੇ ਬਾਵਜੂਦ 19 ਸਤੰਬਰ ਤੋਂ ਲਗਾਤਾਰ ਅੱਜ ਤੱਕ ਪੇਂਡੂ ਮਜ਼ਦੂਰਾਂ ਵਲੋਂ ਦਿਨ ਰਾਤ ਦਾ ਮੋਰਚਾ ਜਾਰੀ ਰੱਖਿਆ ਹੋਇਆ ਹੈ।



ਕਿਸਾਨ ਸੰਘਰਸ਼ ਦੌਰਾਨ ਕਿਰਤੀ ਕਿਸਾਨ ਯੂਨੀਅਨ ਅਤੇ ਹੋਰ ਜੱਥੇਬੰਦੀਆਂ ਵੱਲੋਂ ਭਾਜਪਾ ਆਗੂਆਂ ਦੇ ਵੱਖ-ਵੱਖ ਪ੍ਰੋਗਰਾਮਾਂ ਦੌਰਾਨ ਉਹਨਾਂ ਦੇ ਕੀਤੇ ਘਿਰਾਓ ਦੇ ਦ੍ਰਿਸ਼




ਮਜ਼ਦੂਰ ਆਗੂਆਂ ਅਤੇ ਦਲਿਤਾਂ ਉੱਪਰ ਹਮਲੇ ਵਿਰੁੱਧ ਲੋਹੀਆਂ (ਜਲੰਧਰ) ਵਿਖੇ ਕੀਤੇ ਪ੍ਰਦਰਸ਼ਨ ਦੀ ਤਸਵੀਰ



ਨੌਜਵਾਨ ਭਾਰਤ ਸਭਾ ਵੱਲੋਂ ਆਰ.ਐਸ.ਐਸ. ਮੋਗਾ ਦੇ ਦਫ਼ਤਰ ਅੱਗੇ ਕੀਤੇ ਮੁਜ਼ਾਹਰੇ ਦੀ ਝਲਕ

ਸੰਪਾਦਕ, ਮਾਲਕ, ਪ੍ਰਕਾਸ਼ਕ, ਛਾਪਕ ਅਜਮੇਰ ਸਿੰਘ ਨੇ, ਇਨਕਲਾਬੀ ਸਾਡਾ ਰਾਹ ਲਈ ਛਾਬੜਾ ਕੰਪਿਊਟਰ ਐਂਡ ਪ੍ਰਿੰਟਰਜ਼, ਕੇ.ਕੇ.ਯੂ. ਦਫ਼ਤਰ, ਹਿੰਦ ਸਮਾਚਾਰ ਗਲੀ, ਜਲੰਧਰ ਤੋਂ ਛਪਵਾ ਕੇ, ਕੇ.ਕੇ.ਯੂ. ਦਫ਼ਤਰ, ਹਿੰਦ ਸਮਾਚਾਰ ਗਲੀ, ਜਲੰਧਰ ਤੋਂ ਜਾਰੀ ਕੀਤਾ।

RNI NO. PUNPUN/2004/16918




ਕਿਰਤੀ ਕਿਸਾਨ ਯੂਨੀਅਨ ਵੱਲੋਂ ਬਾਬਾ ਬੰਦਾ ਸਿੰਘ ਬਹਾਦੁਰ ਦੇ 350 ਸਾਲਾ ਜਨਮ ਦਿਹਾੜੇ ਮੌਕੇ ਕੀਤੀਆਂ ਕਾਨਫਰੰਸਾਂ